**ਚੰਡੀਗੜ੍ਹ, 28 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਾ ਨਿਵਾਸੀਆਂ ਲਈ ਵਕਤੀ ਵਸੇਬੇ ਦੇ ਪ੍ਰਬੰਧਨ ਕਰਨ ਲਈ ਸਮੂਹ ਅਕਾਲੀ ਵਰਕਰਾਂ ਅਤੇ ਆਗੂਆਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ। ਜਾਰੀ ਬਿਆਨ ਵਿੱਚ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਵੇਲੇ ਪੰਜਾਬ ਦਾ ਵੱਡਾ ਇਲਾਕਾ ਹੜ੍ਹਾਂ ਦੀ ਮਾਰ ਹੇਠ ਹੈ। ਮੌਸਮ ਵਿਭਾਗ ਵੱਲੋਂ ਵੀ ਅਗਲੇ ਚਾਰ ਦਿਨ ਦਾ ਅਲਰਟ ਜਾਰੀ ਕੀਤਾ ਹੋਇਆ ਹੈ। ਇਸ ਖਤਰੇ ਦੀ ਘੰਟੀ ਨੂੰ ਭਾਂਪਦਿਆਂ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮੂਹ ਅਕਾਲੀ ਵਰਕਰਾਂ ਅਤੇ ਆਗੂਆਂ ਨੂੰ ਹਦਾਇਤ ਜਾਰੀ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਾ ਨਿਵਾਸੀਆਂ ਦੇ ਵਕਤੀ ਰੈਣ ਬਸੇਰਿਆਂ ਦਾ ਪ੍ਰਬੰਧ ਕਰਨ। ਪਿੰਡਾਂ ਦੀ ਪੰਚਾਇਤਾਂ ਨਾਲ ਮਿਲ ਕੇ ਧਰਮਸ਼ਾਲਾ ਨੂੰ ਰੈਣ ਬਸੇਰੇ ਵਜੋ ਤਿਆਰ ਕਰਵਾਉਣ, ਇਸ ਤੋਂ ਇਲਾਵਾ ਗੁਰੂ ਘਰਾਂ ਦੀਆਂ ਕਮੇਟੀਆਂ ਦਾ ਸਹਿਯੋਗ ਕਰਦੇ ਹੋਏ ਉਚਿਤ ਲੰਗਰ ਵਿਵਸਥਾ ਦਾ ਪ੍ਰਬੰਧ ਕਰਨ। ਇਸ ਦੇ ਨਾਲ ਹੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਾਜੁਕ ਸਥਿਤੀ ਨੂੰ ਵੇਖਦੇ ਹੋਏ, ਸਮੂਹ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ, ਜਿਹੜੇ ਡਾਕਟਰੀ ਕਿੱਤੇ ਤੋਂ ਜਾਣੂ ਹਨ, ਓਹ ਤੁਰੰਤ ਬਣਾਏ ਜਾਣ ਵਾਲੇ ਰੈਣ ਬਸੇਰਿਆਂ ਵਿੱਚ ਆਪਣੀਆਂ ਡਾਕਟਰੀ ਸਹੂਲਤਾਂ ਨੂੰ ਸ਼ੁਰੂ ਕਰ ਦੇਣ। ਦਫਤਰ ਤੋਂ ਜਾਰੀ ਬਿਆਨ ਵਿੱਚ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ, ਇਸ ਸਥਿਤੀ ਵਿੱਚ ਸਭ ਤੋਂ ਵੱਡਾ ਨੁਕਸਾਨ ਪਸ਼ੂ ਧਨ ਦਾ ਹੋਇਆ ਹੈ। ਓਹਨਾ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ, ਆਪਣੇ ਤੌਰ ਤੇ ਵੀ ਅਤੇ ਆਪੋ ਆਪਣੇ ਨਗਰਾਂ ਵਿਚੋਂ ਪਸ਼ੂ ਧਨ ਲਈ ਸੁੱਕੇ ਚਾਰੇ ਦੇ ਪ੍ਰਬੰਧਨ ਕਰਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ,ਅੱਜ ਹਾਲਾਤ ਬਦ ਤੋ ਬਦਤਰ ਬਣ ਚੁੱਕੇ ਹਨ। ਤਬਾਹੀ ਦੀਆਂ ਸਾਹਮਣੇ ਆ ਰਹੀਆਂ ਤਸਵੀਰਾਂ ਬਿਆਨ ਕਰਦੀਆਂ ਹਨ ਕਿ ਸੂਬੇ ਦੀ ਵਿੱਤੀ ਸਥਿਤੀ ਨੂੰ ਵੱਡੇ ਆਰਥਿਕ ਪੈਕਜ ਤੋਂ ਬਿਨ੍ਹਾਂ ਪੂਰਾ ਨਹੀਂ ਕੀਤਾ ਜਾ ਸਕਦਾ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਪੰਜਾਬ ਸਰਕਾਰ ਪ੍ਰਭਾਵਿਤ ਇਲਾਕਿਆਂ ਲਈ ਵਿਸ਼ੇਸ਼ ਰਿਲੀਫ਼ ਫੰਡ ਦਾ ਐਲਾਨ ਕਰੇ। ਪੰਜਾਬ ਸਰਕਾਰ ਆਪਣੀ ਸਮੁੱਚੀ ਸਰਕਾਰੀ ਮਸ਼ੀਨੀਰੀ ਨੂੰ ਪ੍ਰਭਾਵਿਤ ਇਲਾਕਿਆਂ ਦੀ ਮੱਦਦ ਲਈ ਲਗਾਵੇ। ਕਿਸਾਨਾਂ ਦੇ ਹੋਏ ਨੁਕਸਾਨ, ਦੁਕਾਨਦਾਰਾਂ ਦੇ ਨੁਕਸਾਨ ਦੀ ਭਰਪਾਈ ਅਤੇ ਮਜਦੂਰ ਵਰਗ ਲਈ ਤੁਰੰਤ ਰਾਹਤ ਪੈਕਜ ਨੂੰ ਦੇਣਾ ਸ਼ੁਰੂ ਕਰੇ। ਓਹਨਾ ਕੇਂਦਰ ਸਰਕਾਰ ਨੂੰ ਮੁੜ ਅਪੀਲ ਕੀਤੀ ਕਿ, ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੁਰੰਤ ਬਗੈਰ ਕਿਸੇ ਦੇਰੀ ਰਾਹਤ ਫੰਡ ਜਾਰੀ ਕਰਨ।



## ਜ਼ਮੀਨ ਦੀ ਦੁਰਵਰਤੋਂ ਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ 'ਚ ਬਜੀਦਪੁਰ ਦੀ ਸਰਪੰਚ ਮੁਅੱਤਲ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅ਼ਫਸਰ ਨੇ ਕੀਤੀ ਕਾਰਵਾਈ, ਪੰਚਾਇਤੀ ਰਾਜ ਐਕਟ 1994 ਤਹਿਤ ਹੁਕਮ ਜਾਰੀ

ਫ਼ਿਰੋਜ਼ਪੁਰ, 29 ਅਗਸਤ (ਮਨੋਹਰ ਲਾਲ):– ਫ਼ਿਰੋਜ਼ਪੁਰ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅ਼ਫਸਰ (ਡੀ.ਡੀ.ਪੀ.ਓ.) ਹਰਜਿੰਦਰ ਸਿੰਘ ਨੇ ਪਿੰਡ ਬਜੀਦਪੁਰ ਦੀ ਸਰਪੰਚ ਪਰਮਿੰਦਰ ਰਾਣੀ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਉਨ੍ਹਾਂ ਵੱਲੋਂ ਸਰਕਾਰੀ ਜ਼ਮੀਨ ਦੀ ਦੁਰਵਰਤੋਂ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਦੇ ਸਿੱਧ ਹੋਣ ਤੋਂ ਬਾਅਦ ਕੀਤੀ ਗਈ ਹੈ। ਇਸ ਫ਼ੈਸਲੇ ਨਾਲ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 20(4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁਅੱਤਲੀ ਦਾ ਇਹ ਫ਼ੈਸਲਾ ਲੰਬੀ ਜਾਂਚ ਤੋਂ ਬਾਅਦ ਲਿਆ ਗਿਆ, ਜਿਸ ਦੀ ਸ਼ੁਰੂਆਤ ਬੀਡੀਪੀਓ ਘੱਲ ਖੁਰਦ ਦੇ ਦਫ਼ਤਰ ਤੋਂ ਆਈ ਰਿਪੋਰਟ ਤੋਂ ਹੋਈ ਸੀ। ਬੀਡੀਪੀਓ ਦੀ ਰਿਪੋਰਟ ਅਨੁਸਾਰ, ਸਰਪੰਚ ਨੇ ਪਿੰਡ ਬਜੀਦਪੁਰ ਵਿਚ ਖਸਰਾ ਨੰਬਰ 19/16ਮਿਨ (4–0) ਅਤੇ 19/15 (6–2) 'ਤੇ ਗ਼ੈਰ–ਕਾਨੂੰਨੀ ਢੰਗ ਨਾਲ ਛੱਪੜ ਦੀ ਪੁਟਾਈ ਕਰਵਾਈ ਸੀ। ਇਹ ਦੋਵੇਂ ਖਸਰੇ ਪ੍ਰੋਵਿਸ਼ਨਲ ਗੌਰਮਿੰਟ ਦੀ ਮਲਕੀਅਤ ਹਨ ਅਤੇ ਇਨ੍ਹਾਂ ਵਿੱਚੋਂ ਇੱਕ ਜ਼ਮੀਨ ਸਕੂਲ ਦੀ ਹੈ। ਇਨ੍ਹਾਂ ਖਸਰਿਆਂ ਦੀ ਮਾਲਕੀ ਗ੍ਰਾਮ ਪੰਚਾਇਤ ਬਜੀਦਪੁਰ ਦੀ ਨਹੀਂ ਹੈ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਸਰਪੰਚ ਨੇ ਇਹ ਕੰਮ ਕਰਾਉਣ ਤੋਂ ਪਹਿਲਾਂ ਪੰਚਾਇਤੀ ਰਾਜ ਵਿਭਾਗ ਤੋਂ ਕੋਈ ਵੀ ਤਕਨੀਕੀ ਪ੍ਰਵਾਨਗੀ ਨਹੀਂ ਲਈ। ਇਸ ਤੋਂ ਇਲਾਵਾ ਉਨ੍ਹਾਂ ਨੇ ਬਿਨ੍ਹਾ ਕਿਸੇ ਅਧਿਕਾਰੀ ਦੀ ਮਨਜ਼ੂਰੀ ਦੇ ਸਕੂਲ ਗਰਾਊਂਡ ਦੀ ਚਾਰਦੀਵਾਰੀ ਨੂੰ ਵੀ ਢਾਹ ਦਿੱਤਾ ਸੀ। ਇਹ ਸਾਰੇ ਕੰਮ ਨਿਯਮਾਂ ਦੀ ਉਲੰਘਣਾ ਸਨ। ਉਨ੍ਹਾਂ ਕਿਹਾ ਕਿ ਉਪ ਮੰਡਲ ਮੈਜਿਸਟਰੇਟ ਫ਼ਿਰੋਜ਼ਪੁਰ ਦੇ ਦਫ਼ਤਰ ਵੱਲੋਂ ਵੀ ਇਸ ਮਾਮਲੇ ਦੀ ਜਾਂਚ ਕੀਤੀ ਗਈ। ਉਨ੍ਹਾਂ ਨੇ ਆਪਣੀਆਂ ਰਿਪੋਰਟਾਂ ਵਿਚ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਕੀਤੀ। ਨਾਇਬ ਤਹਿਸੀਲਦਾਰ, ਫ਼ਿਰੋਜ਼ਪੁਰ ਦੀ ਰਿਪੋਰਟ ਵਿਚ ਵੀ ਇਹ ਦਰਜ ਹੈ ਕਿ ਮੌਕੇ 'ਤੇ ਖੇਤਰ 19/15 (6–2) ਵਿਚ ਛੱਪੜ ਪੁੱਟਿਆ ਗਿਆ ਹੈ ਅਤੇ ਮਿੱਟੀ ਦੇ ਵੱਡੇ–ਵੱਡੇ ਢੇਰ ਲੱਗੇ ਹੋਏ ਹਨ, ਜਿਸ ਨਾਲ ਸਰਕਾਰੀ ਜਾਇਦਾਦ ਦਾ ਨੁਕਸਾਨ ਹੋਇਆ ਹੈ। ਡੀਡੀਪੀਓ ਨੇ ਦੱਸਿਆ ਕਿ ਦੋਸ਼ ਸਿੱਧ ਹੋਣ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ, ਕਿਉਂਕਿ ਅਜਿਹੇ ਦੋਸ਼ੀ ਸਰਪੰਚ ਦਾ ਆਪਣੇ ਅਹੁਦੇ 'ਤੇ ਬਣੇ ਰਹਿਣਾ ਲੋਕ ਹਿੱਤ ਵਿਚ ਨਹੀਂ ਹੈ। ਇਹ ਹੁਕਮ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਦੀ ਪ੍ਰਵਾਨਗੀ ਤੋਂ ਬਾਅਦ ਜਾਰੀ ਕੀਤੇ ਗਏ ਹਨ।


ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥
30ਵਾਂ ਸ਼ਹੀਦੀ ਦਿਹਾੜਾ
ਪੰਥ ਦੇ ਮਹਾਨ ਸ਼ਹੀਦ
ਭਾਈ ਦਿਲਾਵਰ ਸਿੰਘ ਜੀ
ਦੀ ਸ਼ਹੀਦੀ ਨੂੰ ਕੋਟਿ ਕੋਟਿ ਪ੍ਰਣਾਮ!
ਆਵਾਜ਼ਿ ਕੌਮ AWAZE QAUM International Newspaper & WEB TV
ਵੀਰ ਤੂੰ ਇਹ ਨਾ ਸੋਚੀਂ ਕੇ ਤੇਰੇ ਸ਼ਹੀਦ ਹੋ ਜਾਣ ਤੋਂ ਬਾਦ ਅਸੀ ਆਰਾਮ ਨਾਲ ਬੈਠ ਜਾਵਾਂਗੇ ਮੈ ਵਾਅਦਾ ਕਰਦਾ ਹਾਂ ਕਿ ਅਸੀਂ ਆਪਣੇ ਖ਼ੂਨ ਦੇ ਆਖਰੀ ਕਤਰੇ ਤੱਕ ਸਿੱਖ ਕੌਮ ਦੇ ਸੰਘਰਸ਼ ਦੀ ਲੜਾਈ ਜਾਰੀ ਰੱਖਾਂਗੇ ਮੈ ਅਪਣੇ ਕੀਤੇ ਹੋਏ ਉਸ ਵਾਅਦੇ ਉੱਤੇ ਅੱਜ ਵੀ ਕਾਇਮ ਹਾਂ ਅਤੇ ਰਹਾਂਗਾ। ਮੇਰਾ ਸਰੀਰ ਸਿੱਖ ਕੌਮ ਦੀ ਅਮਾਨਤ ਹੈ ਅਸੀ ਹਿੰਦੁਸਤਾਨੀ ਸਿਸਟਮ ਚ ਗੁਲਾਮ ਹਾਂ। ਜਦੋਂ ਤਕ ਅਸੀਂ ਆਪਣਾ ਕੌਮੀ ਘਰ ਬਣਾਉਣ ਦਾ ਸੁਪਨਾ ਪੂਰਾ ਨਹੀਂ ਕਰ ਲੈਂਦੇ ਤਦ ਤਕ ਸਿੱਖ ਕੌਮ ਦੇ ਹੱਕਾਂ ਦੇ ਸੰਘਰਸ਼ ਦੀ ਜੱਦੋ ਜਹਿਦ ਜਾਰੀ ਰੱਖਾਂਗੇ।
ਪੰਥ ਦਾ ਸੇਵਕ -ਜਗਤਾਰ ਸਿੰਘ ਤਾਰਾ
(ਨਜ਼ਰਬੰਦ ਬੁੜੈਲ ਜੇਲ੍ਹ,ਚੰਡੀਗੜ੍ਹ)
ਜਾਰੀ ਕਰਤਾ
ਸਰਬਜੀਤ ਸਿੰਘ ਬਾਵਾ

# ਮਹਾਨ ਕੋਸ਼ ਦੇ ਰਚੇਤਾ ਸ਼੍ਰੋਮਣੀ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ

## ਅੱਜ 30 ਅਗਸਤ ਨੂੰ ਜਨਮ ਦਿਨ ਤੇ ਵਿਸ਼ੇਸ਼



-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਸਿੱਖ ਧਾਰਮਿਕ ਗ੍ਰੰਥਾਂ, ਦੂਜੇ ਧਰਮਾਂ ਦੇ ਧਾਰਮਿਕ ਗ੍ਰੰਥਾਂ, ਅਧਿਆਤਮਿਕ ਵਿਚਾਰਧਾਰਾ ਨੂੰ ਅਸਲ ਰੂਪ ਵਿੱਚ ਜਾਨਣ ਲਈ ਜਿਹੜਾ ਕਾਰਜ ਭਾਈ ਕਾਨ੍ਹ ਸਿੰਘ ਨਾਭਾ ਨੇ ਕੀਤਾ, ਉਸ ਦਾ ਅੱਜ ਤੱਕ ਕੋਈ ਬਦਲ ਨਹੀਂ ।ਇਹ ਸਮੁੱਚਾ ਕਾਰਜ ਉਨ੍ਹਾਂ 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਸੰਪੂਰਨ ਕੀਤਾ ।ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਭਾਈ ਕਾਨ੍ਹ ਸਿੰਘ ਨਾਭਾ ਨੂੰ ਮਹਾਨ ਕੋਸ਼ ਦੀ ਰਚਨਾ ਕਰਕੇ ਜਿਹੜੀ ਪ੍ਰਸਿੱਧੀ ਪ੍ਰਾਪਤ ਹੋਈ, ਇਸ ਵੱਡੇ ਕਾਰਜ ਕਰਕੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਅਜਿਹਾ ਸਤਿਕਾਰ ਤੇ ਮਾਣ ਮਿਲਦਾ ਰਹੇਗਾ । ਆਪ ਦਾ ਜਨਮ 30 ਅਗਸਤ, 1861 ਈ: ਵਿੱਚ ਪਟਿਆਲਾ ਰਿਆਸਤ ਦੇ ਪਿੰਡ ਸਬਜ਼-ਬਨੇਰਾ ਵਿੱਚ ਭਾਈ ਨਾਰਾਇਣ ਸਿੰਘ ਦੇ ਘਰ ਮਾਤਾ ਹਰਿ ਕੌਰ ਦੀ ਕੁੱਖ ਤੋਂ ਹੋਇਆ ਸੀ ।ਆਪ ਜੀ ਦੇ ਪਿਤਾ ਜੀ ਉਸ ਸਮੇਂ ਨਾਭਾ ਸ਼ਹਿਰ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਬਾਬਾ ਅਜੈਪਾਲ ਸਿੰਘ ਦੇ ਪ੍ਰਬੰਧਕ ਵਜੋਂ ਡਿਊਟੀ ਨਿਭਾਉਂਦੇ ਸਨ ।ਪਿਤਾ ਜੀ ਦੇ ਪ੍ਰਭਾਵ ਕਾਰਨ ਉਨ੍ਹਾਂ ਮੁੱਢਲੀ ਗੁਰਮਤਿ ਵਿੱਦਿਆ ਭਾਈ ਰੂਪ ਸਿੰਘ ਤੋਂ ਅਤੇ ਸੰਸਕ੍ਰਿਤ ਬਾਬਾ ਕਲਿਆਣ ਦਾਸ ਤੋਂ ਪ੍ਰਾਪਤ ਕੀਤੀ ।ਨਾਭਾ ਰਿਆਸਤ ਦੇ ਵਿਦਵਾਨ ਉਨ੍ਹਾਂ ਦੇ ਪਿਤਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਇਸੇ ਕਰਕੇ 15 ਕੁ ਸਾਲ ਦੀ ਉਮਰ ਵਿੱਚ ਹੀ ਘਰ ਆਉਣ ਜਾਣ ਵਾਲੇ ਵਿਦਵਾਨ ਦੀ ਸੰਗਤ ਕਰਕੇ ਉਹ ਵਿਦਵਾਨਾਂ ਵਿੱਚ ਸਤਿਕਾਰੇ ਜਾਣ ਲੱਗੇ ।ਇਸ ਤੋਂ ਅਗਲੇ ਦੋ ਤਿੰਨ ਸਾਲ ਉਨ੍ਹਾਂ ਦਿੱਲੀ, ਲਖਨਊ ਅਤੇ ਲਾਹੌਰ ਰਹਿ ਕੇ ਫ਼ਾਰਸੀ ਅਤੇ ਅੰਗ੍ਰੇਜ਼ੀ ਦੀ ਤਾਲੀਮ ਹਾਸਲ ਕੀਤੀ ।

ਭਾਈ ਕਾਨ੍ਹ ਸਿੰਘ ਨਾਭਾ ਨੇ ਭਰ ਜਵਾਨੀ ਤੱਕ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ, ਫ਼ਾਰਸੀ ਅਤੇ ਅੰਗ੍ਰੇਜ਼ੀ ਛੇ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰ ਲਈ ।ਉਨ੍ਹਾਂ ਦੇ ਜਵਾਨੀ ਦੇ ਦਿਨਾਂ ਵਿੱਚ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ ਸ਼ੁਰੂ ਹੋ ਗਈਆਂ । 1883 ਈ: ਵਿੱਚ ਉਨ੍ਹਾਂ ਪ੍ਰੋ: ਗੁਰਮੁੱਖ ਸਿੰਘ ਤੋਂ ਪ੍ਰਭਾਵਿਤ ਹੋ ਕੇ ਆਪਣੀਆਂ ਰਚਨਾਵਾਂ ਵਿੱਚ ਸਿੱਖ ਧਰਮ ਨੂੰ ਨਿਵੇਕਲੇ ਧਰਮ ਵਜੋਂ ਪ੍ਰਚਾਰਨਾ ਆਰੰਭ ਕੀਤਾ ।1884 ਈ: ਵਿੱਚ ਜਦੋਂ ਆਪ ਵਾਪਸ ਨਾਭਾ ਪੁੱਜੇ ਤਾਂ ਮਹਾਰਾਜਾ ਨਾਭਾ ਨੇ ਉਨ੍ਹਾਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਰਾਜ ਸਰਕਾਰ ਦੇ ਪ੍ਰਬੰਧਕੀ ਢਾਂਚੇ ਵਿੱਚ ਲੈ ਆਂਦਾ ।ਉਹ ਨਾਭਾ ਹਾਈ ਕੋਰਟ ਦੇ ਜੱਜ, ਮੈਂਬਰ ਜੁਡੀਸ਼ੀਅਲ ਕੌਂਸਲ ਨਾਭਾ, ਪੁਲਿਟੀਕਲ ਏਜੰਸੀ ਦੇ ਵਕੀਲ ਵਜੋਂ ਪਟਿਆਲਾ ਵਿੱਚ ਤਾਇਨਾਤ ਰਹੇ ।ਇਕ ਸਮੇਂ ਭਾਈ ਸਾਹਿਬ ਟਿੱਕਾ ਰਿਪੁਦਮਨ ਸਿੰਘ ਦੇ ਉਸਤਾਦ ਵੀ ਰਹੇ ।ਇਸੇ ਦੌਰਾਨ ਆਪ ਕਈ ਵਾਰ ਇੰਗਲੈਂਡ ਵੀ ਗਏ ।ਭਾਈ ਕਾਨ੍ਹ ਸਿੰਘ ਨਾਭਾ ਦੇ ਕੋਸ਼ ਨੂੰ ਸੰਪੂਰਨਤਾ ਦੇਣ ਵਾਲੇ ਮਹਾਨ ਵਿਦਵਾਨਾਂ ਵਿੱਚ ਮਹੰਤ ਭਾਈ ਬਿਸ਼ਨ ਸਿੰਘ, ਪੰਡਿਤ ਕ੍ਰਿਸ਼ਨ ਦਾਸ ਉਦਾਸੀ, ਪ੍ਰੋ: ਤੇਜਾ ਸਿੰਘ, ਪ੍ਰਿੰਸੀਪਲ ਧਰਮਾਨੰਤ ਸਿੰਘ, ਮਹਾਰਾਜਾ ਦਲਜੀਤ ਸਿੰਘ ਕਪੂਰਥਲਾ ਸ। ਮੁਕੰਦ ਸਿੰਘ ਇੰਜੀਨੀਅਰ ਸ਼ਿਮਲਾ, ਭਾਈ ਮੋਹਨ ਸਿੰਘ ਵੈਦ ਤਰਨਤਾਰਨ, ਭਾਈ ਧਰਮ ਸਿੰਘ ਵੈਦ, ਸ। ਨੰਦ ਸਿੰਘ ਸ਼ਿਮਲਾ, ਮੌਲਵੀ ਹਕੀਮ ਮਿਰਜ਼ਾ ਮੁਹੰਮਦ ਧਨੌਲਾ, ਸ। ਕਰਮ ਸਿੰਘ ਹਿਸਟੋਰੀਅਨ, ਲਾਲਾ ਧਨੀ ਰਾਮ ਚਾਤ੍ਰਿਕ ਵਰਗੇ ਮਹਾਂਪੁਰਸ਼ਾਂ ਦੀ ਨੇਕ ਨੀਤੀ ਨਾਲ ਕੀਤੀ ਸਖ਼ਤ ਮਿਹਨਤ ਦਾ ਜ਼ਿਕਰ ਕੀਤਾ ਹੈ ।ਕੋਸ਼ ਨੂੰ ਸੰਪੂਰਨਤਾ ਦੇਣ ਲਈ ਭਾਈ ਸਾਹਿਬ ਦਾ ਆਪਣਾ ਸਕੱਤਰੇਤ ਸੀ ।ਅਸਲ ਵਿੱਚ ਕੋਸ਼ ਨੂੰ ਮੌਜੂਦਾ ਰੂਪ ਦੇਣ ਲਈ ਸੈਂਕੜੇ ਵਿਦਵਾਨਾਂ, ਮਹਾਂਪੁਰਸ਼ਾਂ ਦੀ ਸਖ਼ਤ ਮਿਹਨਤ ਤੇ ਲਗਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ।ਇਸ ਦੀ ਛਪਾਈ ਲਈ ਮਹਾਰਾਜਾ ਫ਼ਰੀਦਕੋਟ ਰਾਜਾ ਬ੍ਰਿਜ ਇੰਦਰ ਸਿੰਘ ਨੇ ਜ਼ਿੰਮੇਵਾਰੀ ਲਈ ਸੀ, ਪਰ ਮਹਾਰਾਜਾ ਪਹਿਲਾਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ ।ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਗੱਦੀ ਤੋਂ ਲਹਿ ਜਾਣ ਕਾਰਨ ਨਾਭਾ ਸਰਕਾਰ ਨੇ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ। ਢੇਰ ਸਾਰੇ ਯਤਨਾਂ ਤੋਂ ਪਿੱਛੋਂ ਮਹਾਨ ਕੋਸ਼ ਨੂੰ ਛਾਪਣ ਲਈ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਇਕਵੰਜਾ ਹਜ਼ਾਰ ਦੇਣਾ ਪ੍ਰਵਾਨ ਕੀਤਾ ।ਅਕਤੂਬਰ, 1927 ਈ: ਵਿੱਚ ਅੰਮ੍ਰਿਤਸਰ ਦੀ ਇਕ ਪ੍ਰੈੱਸ ਤੋਂ ਮਹਾਨ ਕੋਸ਼ ਛਪਣਾ ਸ਼ੁਰੂ ਹੋਇਆ ।ਅਪ੍ਰੈਲ, 1930 ਵਿੱਚ ਇਹ ਕਾਰਜ ਮੁਕੰਮਲ ਹੋਇਆ ।ਇਸ ਤੋਂ ਪਿੱਛੋਂ 3335 ਪੰਨਿਆਂ ਦੇ ਇਸ ਕੋਸ਼ ਨੂੰ ਚਾਰ ਜਿਲਦਾਂ ਵਿੱਚ ਤਿਆਰ ਕੀਤਾ ਗਿਆ ।ਇਸ ਦੀ ਕੀਮਤ 110 ਰੁਪਏ ਰੱਖੀ ਗਈ । ਇਸ ਤੋਂ 30 ਸਾਲਾਂ ਪਿੱਛੋਂ 1960 ਵਿੱਚ ਇਕੋ ਜਿਲਦ ਵਿੱਚ ਭਾਸ਼ਾ ਵਿਭਾਗ ਪੰਜਾਬ ਨੇ ਇਸ ਨੂੰ ਮੁੜ ਛਾਪਿਆ ਅਤੇ 3335 ਪੰਨਿਆਂ ਨੂੰ 835 ਪੰਨਿਆਂ ਵਿੱਚ ਸਮੁੱਚੇ ਮੈਟਰ ਨੂੰ ਸਮੋ ਦਿੱਤਾ ।ਇਸ ਤੋਂ ਬਿਨਾਂ ਭਾਈ ਸਾਹਿਬ ਵੱਲੋਂ ਕੀਤੇ ਨਵੇਂ ਵਾਧੇ ਦੇ 90 ਪੰਨੇ ਹੋਰ ਜੋੜ ਦਿੱਤੇ ।ਇਸ ਤੋਂ ਇਲਾਵਾ 21 ਪੰਨਿਆਂ ਦੀ ਆਰੰਭ ਵਿੱਚ ਸਮੱਗਰੀ ਵੀ ਸ਼ਾਮਿਲ ਕੀਤੀ ਗਈ ।ਲਗਪਗ ਛੇ ਦਰਜਨ ਤਸਵੀਰਾਂ ਅਤੇ ਪੁਰਾਤਨ ਨਕਸ਼ੇ ਵੀ ਛਾਪੇ ਗਏ ।ਇਸ ਦੀ ਕੀਮਤ ਵੀ ਕੇਵਲ 42 ਰੁਪਏ ਰੱਖੀ ਗਈ ।ਇਸ ਤੋਂ ਪਿੱਛੋਂ ਇਸ ਦੇ ਹੁਣ ਤੱਕ ਕਿੰਨੇ ਹੋਰ ਸੰਸਕਰਨ ਛੱਪ ਚੁੱਕੇ ਹਨ ।ਨੈਸ਼ਨਲ ਬੁੱਕ ਸ਼ਾਪ ਦਿੱਲੀ ਨੇ ਵੀ ਇਸ ਨੂੰ ਪ੍ਰਕਾਸ਼ਿਤ ਕੀਤਾ ਹੈ ।ਇਸ ਮਹਾਨ ਵਿਦਵਾਨ ਦੀ ਇਸ ਖੋਜ-ਭਰਪੂਰ ਰਚਨਾਂ ਮਹਾਨ ਕੋਸ਼ ਨੂੰ ਅੱਜ ਤੱਕ ਅਧਿਕਾਰਤ ਰਚਨਾ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ ।ਕਿਉਂਕਿ ਸਿੱਖ ਧਰਮ, ਸਾਹਿਤ, ਇਤਿਹਾਸ ਵਿੱਚ ਕੌਮ ਦੀਆਂ ਰੀਤੀ ਰਿਵਾਜਾਂ, ਸੱਭਿਆਚਾਰਕ ਦੇਣ ਸਬੰਧੀ ਇਸ ਤੋਂ ਪਹਿਲਾਂ ਕੋਈ ਵੀ ਇਨਸਾਈਕਲੋਪੀਡੀਆ ਨਹੀਂ ਸੀ ਮਿਲਦਾ, ਪਰ ਇਸ ਮਹਾਨ ਰਚਨਾ ਨੂੰ ਅਜੋਕੇ ਸਮੇਂ ਮੁਤਾਬਿਕ ਵਾਪਰੀਆਂ ਇਤਿਹਾਸਕ ਘਟਨਾਵਾਂ ਅਤੇ ਕੌਮੀ ਦੁਖਾਂਤਾਂ ਨੂੰ ਮੁੜ ਸ਼ਾਮਿਲ ਕਰਕੇ ਛਾਪਣ ਅਤੇ ਸਮੇਂ ਦੇ ਹਾਣ ਦਾ ਬਣਾਉਣ ਦੇ ਯਤਨਾਂ ਦੀ ਲੋੜ ਹੈ ।ਭਾਈ ਕਾਨ੍ਹ ਸਿੰਘ ਨਾਭਾ ਦੀਆਂ ਹੋਰ ਮਹੱਤਵਪੂਰਨ ਰਚਨਾਵਾਂ ਵਿੱਚ ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਗੁਰਚੰਦ ਦਿਵਾਕਰ, ਗੁਰਸ਼ਬਦਲੰਕਾਰ, ਚੰਡੀ ਦੀ ਵਾਰ ਸਟੀਕ, ਗੁਰਮਤਿ ਮਾਰਤੰਡ, ਸ੍ਰੀ ਗੁਰੂ ਮਹਿਮਾ ਰਚਨਾਵਲੀ, ਵੀ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਉੱਪਰ ਰੋਸ਼ਨੀ ਪਾਉਂਦੀਆਂ ਹਨ ।ਇਸ ਤੋਂ ਇਲਾਵਾ ਡਾ: ਰਛਪਾਲ ਕੌਰ ਨੇ 1983 ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ ਅਪ੍ਰਕਾਸ਼ਿਤ ਸਫ਼ਰਨਾਮੇ ਵੀ ਪੁਸਤਕ ਰੂਪ ਵਿੱਚ ਪਾਠਕਾਂ ਦੇ ਸਨਮੁੱਖ ਪੇਸ਼ ਕਰਕੇ ਨਿਮਰ ਯੋਗਦਾਨ ਪਾਇਆ ਹੈ । ਭਾਈ ਕਾਨ੍ਹ ਸਿੰਘ ਨਾਭਾ ਨੂੰ ਚੀਫ਼ ਖ਼ਾਲਸਾ ਦੀਵਾਨ ਵੱਲੋਂ 21ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਪ੍ਰਧਾਨਗੀ ਵੀ ਸੌਂਪੀ ਗਈ ਸੀ । 1932 ਈ: ਵਿੱਚ ਹਿੰਦੁਸਤਾਨ ਦੀ ਬਰਤਾਨਵੀ ਸਰਕਾਰ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਨੂੰ ਸਰਦਾਰ ਬਹਾਦਰ ਦੇ ਖਿਤਾਬ ਨਾਲ ਸਨਮਾਨਿਤ ਕੀਤਾ ।ਸਿੱਖ ਕੌਮ ਦਾ ਇਹ ਨਾਮਵਰ ਸ਼੍ਰੋਮਣੀ ਵਿਦਵਾਨ 23 ਨਵੰਬਰ, 1938 ਈ: ਨੂੰ ਨਾਭਾ ਵਿਖੇ ਸਾਨੂੰ ਸਦੀਵੀ ਵਿਛੋੜਾ ਦੇ ਗਿਆ । ਭਾਈ ਸਾਹਿਬ ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਸੱਭਿਆਚਾਰ ਨੂੰ ਦਿੱਤੇ ਨਿਗੱਰ ਯੋਗਦਾਨ ਸਦਕਾ ਹਮੇਸ਼ਾਂ ਅਮਰ ਰਹਿਣਗੇ। ••

## ਪਠਲਾਵਾ ਸੰਸਥਾ ਵਲੋਂ ਡੇਰਾ ਬਾਬਾ ਨਾਨਕ ਦੇ ਹੜ ਪੀੜਤਾਂ ਲਈ

# ਭੇਜੀ ਸਹਾਇਤਾ ਸਮੱਗਰੀ : ਸ ਇੰਦਰਜੀਤ ਸਿੰਘ ਵਾਰੀਆ



ਡੇਰਾ ਬਾਬਾ ਨਾਨਕ ਅਤੇ ਭਾਰਤ ਪਾਕਿਸਤਾਨ ਸਰਹੱਦ ਤੇ ਸੈਂਕੜਿਆਂ ਦੀ ਗਿਣਤੀ ਵਿਚ ਪਾਣੀ ਵਿਚ ਡੁਬੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਫੌਰੀ ਅਮਲ ਕਰਦਿਆਂ , ਦਵਾਈਆਂ,ਪੀਣ ਵਾਲਾ ਪਾਣੀ , ਰਾਸ਼ਣ ਅਤੇ ਹੋਰ ਲੋੜੀਂਦਾ ਸਮਾਨ ਪੀੜਤ ਲੋਕਾਂ ਤੱਕ ਪਹੁੰਚਾਣ ਲਈ ਸਹਾਇਤਾ ਸਮੱਗਰੀ ਨੂੰ ਤੁਰੰਤ ਪੁਜਦਾ ਕੀਤਾ ਗਿਆ। ਇਸ ਸਬੰਧੀ ਵਿਸਥਾਰ ਵਿਚ ਜਾਣਕਾਰੀ ਸਾਂਝੀ ਕਰਦਿਆਂ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਨੇ ਆਖਿਆ ਕਿ ਡੇਰਾ ਬਾਬਾ ਨਾਨਕ ਨਾਲ ਸਬੰਧਤ ਸੰਸਥਾ ਦੇ ਕੁਝ ਮੈਂਬਰਾਨ ਨੇ ਇਸ ਇਲਾਕੇ ਦੀਆਂ ਤਾਜ਼ਾ ਭੇਜੀਆਂ ਤਸਵੀਰਾਂ ਅਤੇ ਵੀਡੀਓ ਰਾਹੀਂ ਜਾਣੂ ਕਰਵਾਇਆ ਕਿ ਪਿੰਡਾਂ ਵਿਚ 6,ਤੋਂ 10 ਫੁੱਟ ਤੱਕ ਪਾਣੀ ਅਜੇ ਵੀ ਚੜਿਆ ਹੋਇਆ ਹੈ ।ਇਹ ਤਸਵੀਰਾਂ ਇਸ ਇਲਾਕੇ ਵਿਚ ਹੋਈ ਤਬਾਹੀ ਦੇ ਖੌਫਨਾਕ ਮੰਜਰ ਨੂੰ ਬਿਆਨ ਕਰ ਰਹੀਆ ਹਨ।

ਲੋਕ ਆਪਣੇ ਟਰੈਕਟਰ, ਟਰਾਲੀਆਂ ਅਤੇ ਹੋਰ ਸਾਧਨਾਂ ਦੀ ਮੱਦਦ ਨਾਲ ਪਾਣੀ ਵਿਚ ਫਸੇ ਲੋਕਾਂ ਦਾ, ਆਪਣੀਆਂ ਜਾਨਾਂ ਨੂੰ ਜੋਖਮ ਵਿਚ ਪਾ ਕੇ ਰੈਸਕਿਓ ਕਰਕੇ ਸੁਰੱਖਿਆਤ ਤੇ ਪੁੰਹਚਾ ਰਹੇ ਹਨ। ਸ ਵਾਰੀਆ ਨੇ ਆਪਣੇ ਸਮਾਜ ਸੇਵੀ ਸੰਸਥਾ ਦੇ ਵਰਕਰਾਂ ਨਾਲ ਤੁਰੰਤ ਰਾਬਤਾ ਕਾਇਮ ਕਰਕੇ ਵਰਤਮਾਨ ਸਥਿਤੀ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਇਸ ਵਕਤ ਪੀੜਤ ਲੋਕਾਂ ਨੂੰ ਸੱਭ ਤੋਂ ਵੱਡੀ ਲੋੜ ਪੀਣ ਵਾਲੇ ਪਾਣੀ ,ਦਵਾਈਆਂ ਅਤੇ ਖਾਦ ਸਮੱਗਰੀ ਦੀ ਹੈ ।ਸੰਸਥਾ ਦੀ ਅਚਨਚੇਤ ਬੁਲਾਈ ਮੀਟਿੰਗ ਵਿੱਚ ਸੰਸਥਾਂ ਦੇ ਚੇਅਰਮੈਨ ਸ ਵਾਰੀਆ ਨੇ ਆਖਿਆ ਕਿ ਪੰਜਾਬ ਦੇ ਹੜ ਪੀੜਤ ਲੋਕ ਵੱਡੀ ਦਿਕਤ ਵਿਚ ਫਸੇ ਹੋਏ ਹਨ। ਇਹ ਵਕਤ ਹੈ ਜਦੋਂ ਸਾਨੂੰ ਸਾਰਿਆਂ ਨੂੰ ਪੀੜਤ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਸ ਵਾਰੀਆ ਨੇ ਸੂਬੇ ਦੀ ਸਰਕਾਰ , ਰਾਜਨੀਤਕ ਪਾਰਟੀਆਂ ਅਤੇ ਸਮੂਹ ਐਨ ਜੀ ਓਜ਼ ਨੂੰ ਵੀ ਅਪੀਲ ਕਰਦਿਆਂ ਆਖਿਆ ਕਿ ਇਹ ਵਕਤ ਹੈ ਜਦੋਂ ਸਾਨੂੰ ਸਾਰਿਆਂ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਪੀੜਤ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ।

ਸ ਵਾਰੀਆ ਨੇ ਹੋਰ ਜਾਣਕਾਰੀਆਂ ਸਾਂਝੀ ਕਰਦਿਆਂ ਦੱਸਿਆ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਸੰਸਥਾ ਦੇ ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ ਜੀ ਦੀ ਰਹਿਨੁਮਾਈ ਹੇਠ ਸੰਸਥਾ ਦਾ ਇਕ ਉੱਚ ਪੱਧਰੀ ਵਫ਼ਦ ਡੇਰਾ ਬਾਬਾ ਨਾਨਕ ਅਤੇ ਹੋਰ ਪੀੜਤ ਇਲਾਕਿਆਂ ਦਾ ਦੌਰਾ ਕਰੇਗਾ

ਹੋਰਨਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਸੰਸਥਾ ਦੇ ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ ਜੀ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ, ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ,ਵਿੱਤ ਸਕੱਤਰ ਲੈਕਚਰਾਰ ਤਰਸੇਮ ਪਠਲਾਵਾ, ਪਰਵਿੰਦਰ ਸਿੰਘ ਰਾਣਾ,ਸ ਅਮਰਜੀਤ ਸਿੰਘ ਸੂਰਾਪੁਰ,ਸ ਆਤਮਾਂ ਸਿੰਘ ਸੂਰਾਪੁਰ,ਸੰਦੀਪ ਕੁਮਾਰ ਗੌੜ, ਪ੍ਰੋ ਚਰਨਜੀਤ ਸਿੰਘ ਪੋਸੀ,ਸੀਨੀਅਰ ਅਹੁਦੇਦਾਰ ਸ੍ਰੀ ਸਤੀਸ਼ ਕੁਮਾਰ ਐਮਾਂ ਜਟਾਂ, ਮਾ ਰਮੇਸ਼ ਕੁਮਾਰ,ਡਾ ਕੁਲਦੀਪ ਰਾਜ ਬੰਗਾ,ਕੁਲਵਿੰਦਰ ਸਿੰਘ ਲਾਲੀ ਇਸਤਰੀ ਵਿੰਗ ਦੇ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ ਵਾਰੀਆ, ਮੈਡਮ ਸਰਬਜੀਤ ਕੌਰ ਪਠਲਾਵਾ, ਮੈਡਮ ਰਮਨਜੀਤ ਕੌਰ, ਮੈਡਮ ਸ਼ਾਰਧਾ ਗੌੜ, ਮੈਡਮ ਲਖਵਿੰਦਰ ਕੌਰ ਯੂ ਕੇ, ਮੈਡਮ ਰਵਿੰਦਰ ਕੌਰ, ਮੈਡਮ ਬਲਵਿੰਦਰ ਕੌਰ, ਮੈਡਮ ਪਰਮਜੀਤ ਕੌਰ,ਅਤੇ ਮੈਡਮ ਕਮਲਜੀਤ ਕੌਰ ਐਮਾਂ ਜਟਾਂ ਹਾਜਿਰ ਸਨ।

**ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਯੂਨੀਵਰਸਿਟੀ ਪਟਿਆਲਾ ਵੱਲੋਂ ਮਹਾਨ ਕੌਮ ਦੀ ਬੇਅਦਬੀ ਦੀ ਘਟਨਾ ਦੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਿਆ—ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ

## ਸਿੱਖ ਪੰਥ ਵਿਚ ਭਾਰੀ ਰੋਸ







**ਫ਼ਿਰੋਜ਼ਪੁਰ, 29 ਅਗਸਤ (ਮਨੋਹਰ ਲਾਲ) :—** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਿੱਖ ਕੌਮ ਦੀ ਮਹਾਨ ਸਖਸ਼ੀਅਤ ਭਾਈ ਕਾਹਨ ਸਿੰਘ ਨਾਭਾ ਵੱਲੋਂ ਰਚਿਤ ਪੰਥ ਦੇ ਮਹਾਨ ਕੋਸ਼ ਦੀ ਬੇਅਦਬੀ ਦੀ ਘਟਨਾ ਬਹੁਤ ਮੰਦਭਾਗੀ ਹੈ। ਇਸ ਦਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਿੱਖ ਕੌਮ ਦੀ ਮਹਾਨ ਸਖਸ਼ੀਅਤ ਭਾਈ ਕਾਹਨ ਸਿੰਘ ਨਾਭਾ ਵੱਲੋਂ ਰਚਿਤ ਪੰਥ ਦੇ ਮਹਾਨ ਕੌਮ ਦੀ ਬੇਅਦਬੀ ਦੀ ਘਟਨਾ ਬਹੁਤ ਮੰਦਭਾਗੀ ਹੈ। ਭਾਈ ਸਾਹਿਬ ਨੇ ਅੱਗੇ ਦੱਸਿਆ ਕਿ ਮਹਾਨ ਕੌਸ਼ ਨੂੰ ਛਾਪਣ ਸਮੇਂ ਜਾਣਬੁਝ ਕੇ ਕੀਤੀਆਂ ਗਲਤੀਆਂ ਤੋਂ ਇਸ ਤੋਂ ਵੱਡੀ ਗਲਤੀ ਮਹਾਨ ਕੋਸ਼ ਦੀਆਂ ਛਪੀਆਂ ਏਨਾ ਕਾਪੀਆਂ ਨੂੰ ਟੋਆ ਪੁੱਟ ਕੇ ਦੱਬਣ ਦੀ ਕੀਤੀ ਗਈ ਕੋਸ਼ਿਸ਼ ਇਸ ਮਹਾਨ ਕੋਸ਼ ਦੀ ਵੱਡੀ ਬੇਅਦਬੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੇ ਗਏ, ਇਸ ਗੁਨਾਹ ਦੀ ਹਰ ਪੱਖੋਂ ਜਾਂਚ ਹੋਣੀ ਚਾਹੀਦੀ ਹੈ ਤੇ ਜਿਨ੍ਹਾਂ ਨੇ ਇਹ ਕਾਰਾ ਕੀਤਾ ਹੈ, ਉਨ੍ਹਾਂ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਨਵਾਂ ਸ਼ਹਿਰ ਵਿੱਚ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ

# ਬਲਾਚੌਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀ ਵੱਡੀ ਤਾਕਤ ,ਆਪ ਦੇ ਵੱਡੇ ਆਗੂ ਅਤੇ ਗੁੱਜਰ ਭਾਈਚਾਰੇ ਦੇ ਨੁਮਾਇੰਦੇ ਆਗੂ ਅਮਿਤ ਕੁਮਾਰ ਸੇਠੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ







**ਚੰਡੀਗੜ੍ਹ/ਬਲਾਚੌਰ, 29 ਅਗਸਤ (ਆਵਾਜ਼ਿ ਕੌਮ ਬਿਊਰੋ)**-ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ ਆਮ ਆਦਮੀ ਪਾਰਟੀ ਦੇ ਵੱਡੇ ਆਗੂ ਅਤੇ ਗੁੱਜਰ ਭਾਈਚਾਰੇ ਦੇ ਸਿਰਕੱਢ ਅਤੇ ਨੁਮਾਇੰਦੇ ਆਗੂ ਅਮਿਤ ਕੁਮਾਰ ਸੇਠੀ ਅੱਜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ। ਗੁੱਜਰ ਬਰਾਦਰੀ ਤੋ ਮਿਲੀ ਤਾਕਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਿਲਾ ਨਵਾਂ ਸ਼ਹਿਰ ਵਿੱਚ ਵੱਡੀ ਤਾਕਤ ਦਿੱਤੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਅਮਿਤ ਕੁਮਾਰ ਸੇਠੀ ਨੇ ਆਪਣੇ ਸੈਂਕੜੇ ਸਾਥੀਆਂ ਨਾਲ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ।ਹਲਕਾ ਬਲਾਚੌਰ ਵਿਖੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਨੂੰ ਹਰ ਪਾਸੇ ਤੋਂ ਲੁੱਟਿਆ ਜਾ ਰਿਹਾ ਹੈ। ਅੱਜ ਪੰਜਾਬ ਵਿੱਚ ਕਨੂੰਨ ਵਿਵਸਥਾ ਦਾ ਜਨਾਜ਼ਾ ਨਿਕਲ ਚੁੱਕਾ ਹੈ। ਹੜ੍ਹਾਂ ਦੇ ਤਾਜਾ ਹਾਲਤਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਅੱਜ ਪੰਜਾਬ ਅੰਦਰ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਚੁੱਕੀ ਹੈ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਥੇ ਮਜ਼ਬੂਤ ਵੇਖਣਾ ਚਾਹੁੰਦੇ ਹਨ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਤੋਂ ਹੀ ਆਸ ਕਰਦੇ ਹਨ,ਕਿ ਓਹਨਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰ ਸਕਦੀ ਹੈ। ਇਸ ਮੌਕੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਪੰਜਾਬ ਦੇ ਸੰਗਤ ਨੇ ਲੱਖਾਂ ਮੈਂਬਰਸ਼ਿਪ ਭਰਤੀ ਦੇ ਰੂਪ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਦਸ਼ਾ ਅਤੇ ਦਿਸ਼ਾ ਤੈਅ ਕੀਤੀ ਹੈ, ਇਸ ਤੇ ਡਟਵਾਂ ਪਹਿਰਾ ਦਿੱਤਾ ਜਾਵੇਗਾ। ਪੰਥਕ ਮੁੱਦਿਆਂ ਅਤੇ ਪੰਜਾਬੀਆਂ ਦੀ ਤਰਜਮਾਨੀ ਢੁੱਕਵੇਂ ਰੂਪ ਵਿੱਚ ਹੋਵੇਗੀ।ਇਸ ਤੋਂ ਪਹਿਲਾਂ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਪਾਰਟੀ ਦੇ ਸਟੇਟ ਡੈਲੀਗੇਟ ਸਰਦਾਰ ਅਵਤਾਰ ਸਿੰਘ ਦੀ ਮਾਤਾ ਦੀ ਅੰਤਿਮ ਅਰਦਾਸ ਵਿੱਚ ਆਪਣੀ ਹਾਜ਼ਰੀ ਲਗਵਾਈ।ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਦੁਖੀ ਹੋ ਕੇ ਆਪਣੇ ਸਾਥੀਆਂ ਸਮੇਤ ਸ਼ਾਮਿਲ ਹੋਏ ਅਮਿਤ ਕੁਮਾਰ ਸੇਠੀ ਨੇ ਕਿਹਾ ਕਿ ਅੱਜ ਪੰਜਾਬ ਨੂੰ ਸਿਰਫ ਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਤੋਂ ਉਮੀਦ ਬਚੀ ਹੈ।ਅਮਿਤ ਕੁਮਾਰ ਸੇਠੀ ਨੇ ਜਿੱਥੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਸਵਾਗਤ ਕੀਤਾ ਉਥੇ ਹੀ ਭਰੋਸਾ ਦਿਵਾਇਆ ਕਿ ਪਾਰਟੀ ਦੇ ਨੀਤੀਗਤ ਪ੍ਰੋਗਰਾਮ ਨੂੰ ਘਰ ਘਰ ਤੱਕ ਲੈਕੇ ਜਾਣ ਲਈ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਸਾਬਕਾ ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਇਹ ਪੰਥ ਦੇ ਝੰਡੇ ਹੇਠ ਇਕੱਠੇ ਹੋਣ। ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ, ਭਰਤੀ ਕਮੇਟੀ ਦੀ ਅਗਵਾਈ ਹੇਠ ਪੰਥ ਅਤੇ ਪੰਜਾਬ ਨੇ ਵੱਡੀ ਸਿਆਸੀ ਤਾਕਤ ਨੂੰ ਇਕੱਠਾ ਕੀਤਾ ਹੈ।ਪੰਦਰਾਂ ਲੱਖ ਦੇ ਲਗਭਗ ਹੋਈ ਭਰਤੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤਾ ਹੈ।ਅੱਜ ਪੰਜਾਬ ਦਾ ਹਰ ਬਸ਼ਿੰਦਾ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤੌਰ ਤੇ ਅਗਵਾਈ ਦੇ ਰੂਪ ਕਰਤਾ ਦੇ ਰੂਪ ਵਿੱਚ ਵੇਖਣਾ ਚਾਹੁੰਦਾ ਹੈ। ਇਸ ਮੌਕੇ ਜੱਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਅੱਜ ਪੰਜਾਬ ਦੀ ਤਰਸਯੋਗ ਹਾਲਾਤ ਲਈ ਕੇਂਦਰ ਅਤੇ ਸੂਬਾ ਸਰਕਾਰ ਦੋਹੇਂ ਜ਼ਿੰਮੇਵਾਰ ਹਨ। ਪੰਜਾਬ ਸਰਕਾਰ ਆਪਣੇ ਕੀਤੇ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ।ਅੱਜ ਪੰਜਾਬ ਹੜ੍ਹਾਂ ਦੀ ਮਾਰ ਹੇਠ ਜਦੋਂ ਕਿ ਸੂਬਾ ਸਰਕਾਰ ਸਿਰਫ ਬਿਆਨਬਾਜ਼ੀ ਜਰੀਏ ਸਮਾਂ ਟਪਾਉਣ ਦੀ ਕੋਸ਼ਿਸ਼ ਵਿੱਚ ਹੈ। ਇਸ ਮੌਕੇ ਐਸਜੀਪੀਸੀ ਮੈਬਰ ਮਹਿੰਦਰ ਸਿੰਘ ਹੁਸੈਨਪੁਰ ਨੇ ਵੀ ਸੰਬੋਧਨ ਕੀਤਾ।ਸਰਦਾਰ ਰਣਬੀਰ ਸਿੰਘ ਪੂਨੀਆਂ ਦੀਆਂ ਕੋਸ਼ਿਸ਼ਾਂ ਸਦਕਾ ਅੱਜ ਹਲਕਾ ਬਲਾਚੌਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਤਾਕਤ ਮਿਕੀ।ਇਸ ਮੌਕੇ ਸਰਦਾਰ ਸੁਰਜੀਤ ਸਿੰਘ ਦੁਬਾਲੀ,ਸਰਦਾਰ ਗੁਰਚਰਨ ਸਿੰਘ ਉਲ਼ਦਾਨੀ, ਐਡਵੋਕੇਟ ਲਲਿਤ, ਸਰਦਾਰ ਨਿਰਮਲ ਮੰਨੇਵਾਲ,ਸਰਦਾਰ ਹਰਮਿੰਦਰ ਸਿੰਘ ਰਿੰਕੂ ਚਾਂਦਪੁਰੀ,ਸਰਦਾਰ ਸੋਹਣ ਸਿੰਘ ਰੌੜੀ,ਸਰਦਾਰ ਭੁਪਿੰਦਰ ਸਿੰਘ ਸਿੰਬਲ ਮਾਜਰਾ,ਜੱਥੇਦਾਰ ਰੇਸ਼ਮ ਸਿੰਘ,ਸਰਦਾਰ ਜਗਦੀਸ਼ ਸਿੰਘ ਸਹੂੰਗੜਾ,ਬਿੱਲਾ ਸਹੂੰਗੜਾ, ਰਾਜੀਵ ਚਾਂਦਪੁਰ ਰੁੜਕੀ, ਦਰਸ਼ਨ ਲਾਲ ਅਤੇ ਸਰਦਾਰ ਤਰਲੋਚਨ ਸਿੰਘ ਪਨਿਆਲੀ ਹਾਜ਼ਰ ਸਨ।

**ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਆਪਣੇ ਸੈਂਕੜੇ ਸਾਥੀਆਂ ਨਾਲ ਕੀਤੀ ਸ਼ਮੂਲੀਅਤ**

ਆਵਾਜ਼ਿ ਕੌਮ AWAZE QAUM International Newspaper & WEB TV

# ਸੰਤ ਬਾਬਾ ਹਰਜੂ ਹਰਜੀਤ ਸਿੰਘ ਸੁਧਾਰ ਪੁਰੀ ਜੇਠੂਵਾਲ ਵਾਲਿਆਂ ਦੀ 35 ਸਲਾਨਾ ਬਰਸੀ ਮਨਾਈ-ਕਵੀਸ਼ਰ ਜਤਿੰਦਰਜੀਤ ਸਿੰਘ ਪੰਛੀ





**ਚੌਕ ਮਹਿਤਾ, 29 ,ਅਗਸਤ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਹਾਨ ਤਪਸਵੀ, ਸੰਤ ਬਾਬਾ ਹਰਜੂ ਹਰਜੀਤ ਸਿੰਘ ਜੀ ਸਧਾਰਪੁਰੀ ਜੇਠੂਵਾਲ ਵਾਲਿਆਂ ਦੀ 35 ਸਲਾਨਾ ਬਰਸੀ, ਸਵ ਨਿਰੰਜਨ ਸਿੰਘ ਪੰਛੀ ਕਵੀਸ਼ਰ ਦੇ ਸਪੁੱਤਰਾ ਗੋਲਡ ਮੈਡਲਿਸਟ ਕਵੀਸ਼ਰ ਗਿਆਨੀ ਜਤਿੰਦਰਜੀਤ ਸਿੰਘ ਪੰਛੀ, ਬਲਜਿੰਦਰਜੀਤ ਸਿੰਘ ਪੰਛੀ ਦੇ ਗ੍ਰਹਿ ਵਿਖੇ ਮਨਾਈ ਗਈ, ਇਹਨਾਂ ਗੱਲਾਂ ਦਾ ਪ੍ਰਗਟਾਵਾ ਕਵੀਸ਼ਰ ਜਤਿੰਦਰ ਜੀਤ ਸਿੰਘ ਨੇ ਕੀਤਾ, ਉਨਾਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸੰਤ ਬਾਬਾ ਹਰਜੂ ਹਰਜੀਤ ਸਿੰਘ ਦੀ ਸਲਾਨਾ ਬਰਸੀ ਬਹੁਤ ਧੂਮ ਧਾਮ ਨਾਲ ਪੰਚਾਇਤ ਅਤੇ ਨਗਰ ਦੇ ਸਹਿਯੋਗ ਨਾਲ ਮਨਾਈ ਗਈ, ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਤੋਂ ਬਾਅਦ, ਜਥੇਦਾਰ ਬਾਬਾ ਰਾਮ ਸਿੰਘ ਨੇ ਕਥਾ ਤੇ ਇਲਾਹੀ ਕੀਰਤਨ ਤੇ ਕਵੀਸ਼ਰੀ ਜਥਿਆਂ ਨੇ ਹਾਜ਼ਰੀ ਭਰੀ, ਜਿਸ ਵਿੱਚ ਕਵੀਸ਼ਰ ਜੱਥਾ ਗਿਆਨੀ ਗੁਰਕੀਰਤ ਸਿੰਘ ਐਮਏ, ਹੀਰਾ ਸਿੰਘ ਮੁਗਲ ਚੱਕ, ਅਤੇ ਜਤਿੰਦਰਜੀਤ ਸਿੰਘ ਪੰਛੀ ਦੇ ਜਥਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਦਰੀ ਨਦਰ ਨਿਹਾਲ ਕੀਤਾ, ਇਸ ਮੌਕੇ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਟੁਤ ਵਰਤਾਇਆ ਗਿਆ, ਜਿੱਥੇ ਧਾਰਮਿਕ ਸਖਸ਼ੀਅਤਾਂ ਨੇ ਹਾਜ਼ਰੀ ਭਰੀ, ਉਥੇ ਆਮ ਆਦਮੀ ਪਾਰਟੀ ਵੱਲੋਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ, ਸੰਗਤਾਂ ਨੂੰ ਸੰਬੋਧਨ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਸਾਨੂੰ ਸੰਤਾਂ ਮਹਾਂਪੁਰਸ਼ਾਂ ਦੇ ਦਿਨ ਜਰੂਰ ਮਨਾਉਣੇ ਚਾਹੀਦੇ ਹਨ, ਜਿਸ ਨਾਲ ਸੰਗਤਾਂ ਗੁਰੂ ਘਰ ਨਾਲ ਜੁੜੀਆਂ ਰਹਿੰਦੀਆਂ ਹਨ, ਅਤੇ ਗੁਰ ਇਤਿਹਾਸ ਦਾ ਲਾਹਾ ਲੈਂਦੀਆਂ ਰਹਿੰਦੀਆਂ ਹਨ, ਇਸ ਮੌਕੇ, ਬਲਾਕ ਪ੍ਰਧਾਨ ਮਨਜਿੰਦਰ ਸਿੰਘ ਮਾਂਗਸਰਾਏ, ਬਲਜਿੰਦਰ ਸਿੰਘ ਸ਼ੀਨਾ (ਸਿਆਸੀ ਸਕੱਤਰ) ਆਮ ਆਦਮੀ ਪਾਰਟੀ ਧੜੇ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖਾ, ਸਾਬਕਾ ਸਰਪੰਚ ਮਨਜੀਤ ਸਿੰਘ, ਨੰਬਰਦਾਰ ਧੀਰ ਸਿੰਘ, ਮੈਂਬਰ ਪੰਚਾਇਤ ਜਸਬੀਰ ਸਿੰਘ, ਮੈਂਬਰ ਪੰਚਾਇਤ ਜਸਵੰਤ ਸਿੰਘ, ਮੈਂਬਰ ਪੰਚਾਇਤ ਹਰਜੀਤ, ਮੈਂਬਰ ਪੰਚਾਇਤ ਕਸ਼ਮੀਰ ਸਿੰਘ, ਮੈਂਬਰ ਪੰਚਾਇਤ ਰਵਿੰਦਰ ਸਿੰਘ, ਲਖਬੀਰ ਸਿੰਘ ਬਾਊ ਲੰਬਰਦਾਰ, ਗੁਰਵਿੰਦਰ ਸਿੰਘ ਨੰਬਰਦਾਰ, ਹਰਜਿੰਦਰ ਸਿੰਘ ਜਿੰਦਾ ਫੌਜੀ, ਜਸਪ੍ਰੀਤ ਸਿੰਘ ਫੌਜੀ, ਸਰਜੀਤ ਸਿੰਘ ਫੌਜੀ, ਅਮਰੀਕ ਸਿੰਘ ਟੇਲਰ, ਸ਼ਿੰਦਾ ਸਿੰਘ, ਬਖਤਾਵਰ ਸਿੰਘ, ਆਦਿ ਆਗੂ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਹੜ੍ਹਾਂ ਵਿਚਾਲੇ ਇਕ ਹੋਰ ਵੱਡੀ ਮੁਸੀਬਤ ’ਚ ਘਿਰ ਸਕਦੇ ਨੇ ਪੰਜਾਬ ਵਾਸੀ ! ਪੁਲ ਰੁੜ੍ਹਨ ਦਾ ਬਣਿਆ ਵੱਡਾ ਖ਼ਤਰਾ



**ਸੁਲਤਾਨਪੁਰ ਲੋਧੀ, 29 ਅਗਸਤ (ਆਵਾਜ਼ਿ ਕੌਮ ਬਿਊਰੋ)**-ਭਾਰੀ ਬਰਸਾਤ ਕਾਰਨ ਜਿੱਥੇ ਬਿਆਸ ਦਰਿਆ ਨੇ ਮੰਡ ਖੇਤਰ ਵਿੱਚ ਭਾਰੀ ਤਬਾਹੀ ਮਚਾਈ ਹੈ, ਉਥੇ ਹੀ ਹੁਣ ਪਵਿੱਤਰ ਕਾਲੀ ਵੇਈਂ ਵੀ ਕੰਢਿਆਂ ਤੋਂ ਬਾਹਰ ਹੋ ਕੇ ਵਗ ਰਹੀ ਹੈ, ਜਿਸ ਕਾਰਨ ਵੇਂਈ ਨਦੀ ਨੇ ਨੀਵੇਂ ਖੇਤਾਂ ਦੀਆਂ ਫ਼ਸਲਾਂ ਨੂੰ ਮਾਰ ਕਰਨੀ ਸ਼ੁਰੂ ਕਰ ਦਿੱਤੀ ਹੈ।ਇਸੇ ਦੌਰਾਨ ਪਿੰਡ ਕਾਲੇਵਾਲ-ਮਸੀਤਾਂ ਨੇੜੇ ਵੇਂਈ ਨਦੀ ਤੇ ਬਣੇ ਪੁਲ ਹੇਠਾਂ ਹਰੀ ਹਾਈਸਿੰਥ ਬੂਟੀ ਦੇ ਫਸਣ ਕਾਰਨ ਪਾਣੀ ਦੀ ਨਿਕਾਸੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ ਅਤੇ ਪਾਣੀ ਦੇ ਤੇਜ਼ ਵਹਾਅ ਨਾਲ ਪੁਲ ਰੁੜ੍ਹਨ ਦਾ ਖ਼ਤਰਾ ਬਣਿਆ ਹੋਇਆ ਹੈ। ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਪਿੰਡ ਸ਼ਿਕਾਰਪੁਰ ਦੇ ਨੇੜੇ ਵੇਂਈ ਦਾ ਪਾਣੀ ਖੇਤਾਂ ਵਿੱਚ ਦੀ ਹੋ ਕੇ ਪਾਣੀ ਵਗਣਾ ਸ਼ੁਰੂ ਹੋ ਗਿਆ ਹੈ।ਅੱਜ ਪਵਿੱਤਰ ਵੇਈਂ ਦੇ ਪਿੰਡ ਕਾਲੇਵਾਲ ਨੇੜਲੇ ਪੁੱਲ ’ਤੇ ਇਕੱਤਰ ਹੋਏ ਇਲਾਕੇ ਦੇ ਕਿਸਾਨਾਂ ਸਰਪੰਚ ਪਿਆਰਾ ਸਿੰਘ ,ਸਰਪੰਚ ਗੁਰਦੇਵ ਸਿੰਘ,ਗਿਆਨ ਸਿੰਘ, ਬਿੰਦਰ ਕਾਲੇਵਾਲ, ਦਵਿੰਦਰ ਸਿੰਘ ਸੋਢੀ, ਸੁਖਦੇਵ ਸਿੰਘ, ਅਜੀਤ ਸਿੰਘ ਨੇ ਦੱਸਿਆ ਕਿ ਵੇਈ ਵਿੱਚ ਪੁਲ ਹੇਠਾਂ ਫਸੀ ਹਾਈਸਿੰਥ ਬੂਟੀ ਵੱਡੀ ਸਮੱਸਿਆ ਬਣੀ ਹੋਈ ਹੈ। ਉਹਨਾਂ ਨੇ ਕਿਹਾ ਕਿ ਭਾਰੀ ਮੀਂਹ ਪੈਣ ਤੋਂ ਬਾਅਦ ਵੇਈਂ ਵਿੱਚ ਬਹੁਤ ਜ਼ਿਆਦਾ ਪਾਣੀ ਆ ਗਿਆ ਹੈ ਪਰ ਇੱਥੇ ਪੁਲ ਹੇਠਾਂ ਬੂਟੀ ਫਸ ਜਾਣ ਕਾਰਨ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ । ਪਿਛਲੇ ਪਾਸੇ ਵੀ ਵੱਖ ਵੱਖ ਥਾਵਾਂ ਤੋਂ ਨੀਵੇਂ ਖੇਤਾਂ ਦੇ ਝੋਨੇ ਨੂੰ ਵੇਈਂ ਨੇ ਆਪਣੀ ਲਪੇਟ ਵਿੱਚ ਲੈ ਲਿਆ। ਕਿਸਾਨਾਂ ਦੱਸਿਆ ਕਿ ਇਸ ਸਬੰਧੀ ਐੱਸ. ਡੀ. ਐੱਮ. ਸੁਲਤਾਨਪੁਰ ਲੋਧੀ ਨੂੰ ਲਗਾਤਾਰ ਦੋ ਦਿਨ ਅਸੀਂ ਲਿਖਤੀ ਤੌਰ ’ਤੇ ਦਰਖ਼ਾਸਤ ਦਿੱਤੀ ਹੈ ਪਰ ਇਸ ਤੋਂ ਬਾਅਦ ਅਜੇ ਤੱਕ ਡ੍ਰੇਨੇਜ ਵਿਭਾਗ ਨੇ ਕੋਈ ਵੀ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਇਸ ਦੀ ਸਫ਼ਾਈ ਸ਼ੁਰੂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਡ੍ਰੇਨੇਜ ਵਿਭਾਗ ਵੱਲੋਂ ਬਰਸਾਤਾਂ ਤੋਂ ਪਹਿਲਾਂ ਇਸ ਦੀ ਸਫ਼ਾਈ ਨਹੀਂ ਕੀਤੀ ਜਾਂਦੀ ਅਤੇ ਇਸ ਵਿੱਚ ਹਾਈਸਿੰਥ ਬੂਟੀ ਦੀ ਭਰਮਾਰ ਹਮੇਸ਼ਾ ਹੀ ਰਹਿੰਦੀ ਹੈ।ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਇਲਾਕਿਆਂ ਵਿੱਚ ਲਗਾਤਾਰ ਬਰਸਾਤਾਂ ਹੋ ਰਹੀਆਂ ਅਤੇ ਆਉਣ ਵਾਲੇ ਦਿਨ ਵੇਈਂ ਦੇ ਵਿੱਚ ਪਾਣੀ ਦਾ ਪੱਧਰ ਹੋਰ ਵਧੇਗਾ ਜੇਕਰ ਇਹ ਵੇਈ ਦੀ ਸਫ਼ਾਈ ਨਾ ਹੋਈ ਤਾਂ ਹੋਈ ਤਾਂ ਨੇੜਲੇ ਪਿੰਡਾਂ ਵਿੱਚ ਵੇਈਂ ਦਾ ਪਾਣੀ ਮਾਰ ਕਰੇਗਾ ਅਤੇ ਕਿਸਾਨਾਂ ਦੀਆਂ ਫ਼ਸਲਾਂ ਅਤੇ ਪੁਲ ਦਾ ਨੁਕਸਾਨ ਕਰੇਗਾ। ਇਸ ਮੌਕੇ ਉਨ੍ਹਾਂ ਨੇ ਮੰਗ ਕੀਤੀ ਕਿ ਵੇਈ ਦੇ ਪੁਲ ਹੇਠ ਜਮ੍ਹਾ ਹੋਈ ਬੂਟੀ ਨੂੰ ਤੁਰੰਤ ਸਾਫ਼ ਕੀਤਾ ਜਾਵੇ ਅਤੇ ਕਿਸਾਨਾਂ ਦਾ ਨੁਕਸਾਨ ਹੋਣੋ ਬਚ ਸਕੇ।

ਆਵਾਜ਼ਿ ਕੌਮ AWAZE QAUM International Newspaper & WEB TV

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵੱਲੋਂ



# ਪੰਜ ਤਖ਼ਤ ਸਾਹਿਬਾਨ

ਅਤੇ

## 32 ਤੋਂ ਵੱਧ ਹੋਰ ਇਤਿਹਾਸਕ ਗੁਰਧਾਮਾਂ ਦੀ ਯਾਤਰਾ

29 ਅਕਤੂਬਰ ਤੋਂ 8 ਨਵੰਬਰ 2025 ਅਤੇ 15 ਫਰਵਰੀ 2026 ਤੋਂ 25 ਫਰਵਰੀ 2026

ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

⋆ ਸੰਪਰਕ ⋆

## ਭਾਈ ਰਘਵੀਰ ਸਿੰਘ

## +44 7976 210161



# ਪਨੂੰ ਕਤਲ ਸਾਜ਼ਿਸ਼ ਵਿਚ ਸ਼ਾਮਿਲ ਰਾਅ ਅਧਿਕਾਰੀ ਵਿਕਾਸ ਯਾਦਵ ਵਿਰੁੱਧ ਦਿੱਲੀ ਅਦਾਲਤ ਵਲੋਂ ਜਾਰੀ ਗੈਰ-ਜ਼ਮਾਨਤੀ ਵਾਰੰਟ ਕੀਤਾ ਰੱਦ

ਨਵੀਂ ਦਿੱਲੀ 29 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਦੀ ਇੱਕ ਅਦਾਲਤ ਨੇ ਸਾਬਕਾ ਰਾਅ ਅਧਿਕਾਰੀ ਵਿਕਾਸ ਯਾਦਵ ਵਿਰੁੱਧ ਜਾਰੀ ਗੈਰ-ਜ਼ਮਾਨਤੀ ਵਾਰੰਟ ਰੱਦ ਕਰ ਦਿੱਤਾ। ਇਹ ਵਾਰੰਟ ਸਿਰਫ਼ ਦੋ ਦਿਨ ਪਹਿਲਾਂ ਜਾਰੀ ਕੀਤਾ ਗਿਆ ਸੀ। ਵਿਕਾਸ ਯਾਦਵ ਸੋਮਵਾਰ ਨੂੰ ਪਟਿਆਲਾ ਹਾਊਸ ਕੋਰਟ ਵਿੱਚ ਕਥਿਤ ਅਗਵਾ ਅਤੇ ਫਿਰੌਤੀ ਨਾਲ ਸਬੰਧਤ ਇੱਕ ਮਾਮਲੇ ਵਿੱਚ ਪੇਸ਼ ਨਹੀਂ ਹੋਇਆ। ਇਸ ਤੋਂ ਬਾਅਦ ਜੱਜ ਨੇ ਉਸ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ।ਬੀਤੀ 25 ਅਗਸਤ ਨੂੰ ਪਾਸ ਕੀਤੇ ਗਏ ਹੁਕਮ ਦੇ ਅਨੁਸਾਰ, ਪਟਿਆਲਾ ਹਾਊਸ ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਸੌਰਭ ਪ੍ਰਤਾਪ ਸਿੰਘ ਲਾਲੇਰ ਨੇ ਨੋਟ ਕੀਤਾ ਕਿ ਯਾਦਵ ਸਵੇਰ ਤੋਂ ਕਈ ਵਾਰ ਸੰਮਨ ਭੇਜੇ ਜਾਣ ਦੇ ਬਾਵਜੂਦ ਗੈਰਹਾਜ਼ਰ ਰਿਹਾ।ਅਦਾਲਤ ਨੇ ਨਿਰਦੇਸ਼ ਦਿੱਤਾ, ਦੋਸ਼ੀ ਵਿਕਾਸ ਯਾਦਵ ਵਿਰੁੱਧ ਇੱਕ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਜਾਵੇ ਅਤੇ 17 ਅਕਤੂਬਰ ਲਈ ਭਾਰਤੀ ਸਿਵਲ ਡਿਫੈਂਸ ਕੋਡ ਦੀ ਧਾਰਾ 491 ਦੇ ਤਹਿਤ ਉਸਦੀ ਜ਼ਮਾਨਤ ਨੂੰ ਨੋਟਿਸ ਭੇਜਿਆ ਜਾਵੇ। ਦੋ ਦਿਨ ਬਾਅਦ, ਉਸਦੇ ਵਕੀਲਾਂ ਨੇ ਯਾਦਵ ਦੀ ਗੈਰਹਾਜ਼ਰੀ ਦਾ ਕਾਰਨ ਦੱਸਦੇ ਹੋਏ ਇੱਕ ਅਰਜ਼ੀ ਦਾਇਰ ਕੀਤੀ। ਉਨ੍ਹਾਂ ਨੇ ਦਲੀਲ ਦਿੱਤੀ ਕਿ ਵਾਰੰਟ ਉਦੋਂ ਜਾਰੀ ਕੀਤਾ ਗਿਆ ਸੀ ਜਦੋਂ ਵਕੀਲਾਂ ਦੀ ਹੜਤਾਲ ਚੱਲ ਰਹੀ ਸੀ, ਜਿਸ ਕਾਰਨ ਉਹ ਸੋਮਵਾਰ ਦੀ ਸੁਣਵਾਈ ਵਿੱਚ ਸ਼ਾਮਲ ਨਹੀਂ ਹੋ ਸਕੇ। ਇਸ ਤੋਂ ਬਾਅਦ, ਅਦਾਲਤ ਨੇ ਵਾਰੰਟ ਰੱਦ ਕਰ ਦਿੱਤਾ ਅਤੇ ਯਾਦਵ ਨੂੰ ਅਗਲੀ ਤਰੀਕ, ਯਾਨੀ 17 ਅਕਤੂਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ। ਯਾਦਵ ਨੇ ਪਹਿਲਾਂ ਵੀ ਅਦਾਲਤ ਵਿੱਚ ਪੇਸ਼ ਹੋਣ ਤੋਂ ਛੋਟ ਲਈ ਅਰਜ਼ੀ ਦਿੱਤੀ ਸੀ, ਇਹ ਕਹਿੰਦੇ ਹੋਏ ਕਿ ਉਸਦੀ ਜਾਨ ਨੂੰ ਖ਼ਤਰਾ ਹੈ। ਅਦਾਲਤ ਨੇ ਉਨ੍ਹਾਂ ਅਰਜ਼ੀਆਂ ਨੂੰ ਵੀ ਮਨਜ਼ੂਰੀ ਦੇ ਦਿੱਤੀ ਸੀ, ਪਰ ਸੋਮਵਾਰ ਦੀ ਸੁਣਵਾਈ ਤੋਂ ਪਹਿਲਾਂ, ਯਾਦਵ ਨੇ ਕੋਈ ਨਵੀਂ ਅਰਜ਼ੀ ਦਾਇਰ ਨਹੀਂ ਕੀਤੀ ਸੀ। ਇਸ ਲਈ ਵਾਰੰਟ ਜਾਰੀ ਕੀਤਾ ਗਿਆ ਸੀ। ਇਹ ਮਾਮਲਾ ਕਥਿਤ ਅਗਵਾ ਅਤੇ ਫਿਰੌਤੀ ਨਾਲ ਸਬੰਧਤ ਹੈ, ਜੋ ਉਸ ਸਮੇਂ ਦਰਜ ਕੀਤਾ ਗਿਆ ਸੀ ਜਦੋਂ ਅਮਰੀਕਾ ਨੇ ਉਸਨੂੰ ਕਤਲ ਦੀ ਸਾਜ਼ਿਸ਼ ਵਿੱਚ ਨਾਮਜ਼ਦ ਕੀਤਾ ਸੀ ਅਤੇ ਉਸ ਸਮੇਂ ਉਸਦੀ ਪਛਾਣ ਸੀਸੀ-1 ਵਜੋਂ ਕੀਤੀ ਸੀ। ਨਵੰਬਰ 2023 ਵਿੱਚ, ਅਮਰੀਕੀ ਵਕੀਲਾਂ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਗੁਪਤਾ ਇਹ ਸਭ ਇੱਕ ਭਾਰਤੀ ਸਰਕਾਰੀ ਅਧਿਕਾਰੀ ਦੇ ਨਿਰਦੇਸ਼ਾਂ 'ਤੇ ਕਰ ਰਿਹਾ ਸੀ, ਜਿਸਦੀ ਪਛਾਣ ਉਸ ਸਮੇਂ ਸਿਰਫ 'ਸੀ ਸੀ-1' ਵਜੋਂ ਹੋਈ ਸੀ। ਤਿੰਨ ਹਫ਼ਤੇ ਬਾਅਦ, 18 ਦਸੰਬਰ 2023 ਨੂੰ, ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਯਾਦਵ ਨੂੰ ਅਗਵਾ ਅਤੇ ਜਬਰੀ ਵਸੂਲੀ ਦੇ ਇੱਕ ਵੱਖਰੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ। ਇਹ ਗ੍ਰਿਫਤਾਰੀ ਰੋਹਿਣੀ ਦੇ ਇੱਕ ਨਿਵਾਸੀ ਦੀ ਸ਼ਿਕਾਇਤ ਦੇ ਅਧਾਰ ਤੇ ਕੀਤੀ ਗਈ ਸੀ। ਤਿਹਾੜ ਜੇਲ੍ਹ ਵਿੱਚ ਚਾਰ ਮਹੀਨੇ ਬਿਤਾਉਣ ਤੋਂ ਬਾਅਦ ਉਸਨੂੰ ਅਪ੍ਰੈਲ 2024 ਵਿੱਚ ਜ਼ਮਾਨਤ ਮਿਲ ਗਈ ਸੀ। ਉਸਦੀ ਰਿਹਾਈ ਤੋਂ ਬਾਅਦ ਉਸਦਾ ਠਿਕਾਣਾ ਅਣਜਾਣ ਹੈ। ਅਕਤੂਬਰ 2024 ਵਿੱਚ, ਅਮਰੀਕੀ ਅਧਿਕਾਰੀਆਂ ਨੇ ਦੂਜੀ ਚਾਰਜਸ਼ੀਟ ਜਨਤਕ ਕੀਤੀ, ਜਿਸ ਵਿੱਚ 'ਸੀ ਸੀ-1' ਦੀ ਪਛਾਣ ਵਿਕਾਸ ਯਾਦਵ ਵਜੋਂ ਕੀਤੀ ਗਈ। ਉਸਨੂੰ ਪ੍ਰਧਾਨ ਮੰਤਰੀ ਦਫ਼ਤਰ ਦੇ ਅਧੀਨ ਕੈਬਨਿਟ ਸਕੱਤਰੇਤ ਦਾ ਇੱਕ ਅਧਿਕਾਰੀ ਦੱਸਿਆ ਗਿਆ ਸੀ। ਵਿਦੇਸ਼ ਮੰਤਰਾਲੇ ਨੇ ਬਾਅਦ ਵਿੱਚ ਕਿਹਾ ਕਿ ਉਹ ਹੁਣ ਭਾਰਤ ਸਰਕਾਰ ਦਾ ਕਰਮਚਾਰੀ ਨਹੀਂ ਰਿਹਾ। ਇਸ ਸਾਲ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਪੰਜ ਦਿਨ ਪਹਿਲਾਂ, ਗ੍ਰਹਿ ਮੰਤਰਾਲੇ ਨੇ ਇੱਕ ਬਿਆਨ ਜਾਰੀ ਕੀਤਾ ਸੀ ਕਿ ਇੱਕ ਉੱਚ-ਪੱਧਰੀ ਸਰਕਾਰੀ ਕਮੇਟੀ ਨੇ "ਇੱਕ ਵਿਅਕਤੀ" ਵਿਰੁੱਧ "ਕਾਨੂੰਨੀ ਕਾਰਵਾਈ" ਦੀ ਸਿਫਾਰਸ਼ ਕੀਤੀ ਹੈ। ਮੰਤਰਾਲੇ ਨੇ ਇਹ ਵੀ ਮੰਨਿਆ ਕਿ ਪ੍ਰਕਿਰਿਆਵਾਂ ਵਿੱਚ ਕੁਝ ਕਮੀਆਂ ਸਨ ਜਿਨ੍ਹਾਂ ਨੂੰ ਸੁਧਾਰਨ ਦੀ ਲੋੜ ਸੀ। ਇਸ ਤੋਂ ਪਤਾ ਚੱਲਦਾ ਹੈ ਕਿ ਯਾਦਵ ਨੇ ਸੁਤੰਤਰ ਤੌਰ 'ਤੇ ਕੰਮ ਕੀਤਾ ਸੀ। ਮਾਮਲੇ ਦੇ ਜਾਂਚਕਰਤਾ ਵਿਕਾਸ ਯਾਦਵ ਦੇ ਦੁਬਈ ਵਿੱਚ ਮਹਾਦੇਵ ਔਨਲਾਈਨ ਬੁੱਕ ਸੱਟੇਬਾਜ਼ੀ ਨੈੱਟਵਰਕ ਦੇ ਇੱਕ ਸ਼ੱਕੀ ਮੈਂਬਰ ਨਾਲ ਸੰਭਾਵਿਤ ਸਬੰਧਾਂ ਦੀ ਵੀ ਜਾਂਚ ਕਰ ਰਹੇ ਹਨ।



ਆਵਾਜ਼ਿ ਕੌਮ AWAZE QAUM International Newspaper & WEB TV

## ਜੀ.ਐਸ.ਟੀ ਕੀਮਤ ਤਰਕਸੰਗਕਤਾ ਤਹਿਤ ਰਾਜਾਂ ਦੀ ਵਿੱਤੀ ਸਥਿਰਤਾ ਲਈ

# ਮਜ਼ਬੂਤ ਮੁਆਵਜਾ ਢਾਂਚਾ ਸਿਰਜਿਆ ਜਾਵੇ- ਹਰਪਾਲ ਸਿੰਘ ਚੀਮਾ




ਨਵੀਂ ਦਿੱਲੀ, 29 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਜੀ.ਐਸ.ਟੀ (ਵਸਤਾਂ ਤੇ ਸੇਵਾਵਾਂ ਕਰ) ਰੇਟ ਤਰਕਸੰਗਤ ਬਣਾਉਣ ਦੇ ਮੌਜੂਦਾ ਪ੍ਰਸਤਾਵ ਤਹਿਤ ਰਾਜਾਂ ਦੀ ਵਿੱਤੀ ਸਥਿਰਤਾ ਨੂੰ ਢਾਅ ਲੱਗਣ ਤੋਂ ਬਚਾਉਣ ਲਈ ਢੁਕਵੇਂ ਮੁਆਵਜੇ ਦੀ ਵਿਵਸਥਾ ਕਰੇ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇਸ ਉਪਾਅ ਦਾ ਫਾਇਦਾ ਮਹਿੰਗਾਈ ਦਾ ਸਾਹਮਣਾ ਕਰ ਰਹੇ ਦੇਸ਼ ਦੇ ਗਰੀਬ ਲੋਕਾਂ ਨੂੰ ਪਹੁੰਚੇ ਨਾ ਕਿ ਕਾਰਪੋਰੇਟ ਅਦਾਰਿਆਂ ਨੂੰ। ਉਨ੍ਹਾਂ ਜੋਰ ਦਿੱਤਾ ਕਿ ਕੀਮਤਾ ਦੀ ਤਰਕਸੰਗਕਤਾ ਦਾ ਮੌਜੂਦਾ ਪ੍ਰਸਤਾਵ ਜੇਕਰ ਆਮਦਨ ਘਾਟੇ ਨੂੰ ਪੂਰਨ ਲਈ ਮੁਆਵਜ਼ੇ ਦੀ ਵਿਵਸਥਾ ਤੋਂ ਬਿਨਾਂ ਲਾਗੂ ਹੁੰਦਾ ਹੈ ਤਾਂ ਰਾਜਾਂ ਦੀ ਵਿੱਤੀ ਅਸਥਿਰਤਾ ਦਾ ਕਾਰਨ ਬਣੇਗਾ ਅਤੇ ਦੇਸ਼ ਦੇ ਸੰਘੀ ਢਾਂਚੇ ਨੂੰ ਵੀ ਨੁਕਸਾਨ ਪਹੁੰਚੇਗਾ, ਜੋ ਪ੍ਰਵਾਨਯੋਗ ਨਹੀਂ ਹੈ। ਐਡਵੋਕੇਟ ਚੀਮਾ, ਜੋ ਅੱਜ ਕਰਨਾਟਕਾ ਭਵਨ ਵਿਖੇ ਜੀ.ਐਸ.ਟੀ ਰੇਟ ਰੈਸ਼ਨਲਾਈਜੇਸ਼ਨ ਤੇ ਵਿਚਾਰ ਸਬੰਧੀ ਕੇਰਲਾ, ਕਰਨਾਟਕਾ, ਹਿਮਾਚਲ ਪ੍ਰਦੇਸ਼, ਝਾਰਖੰਡ, ਪੱਛਮੀ ਬੰਗਾਲ, ਤੇਲੰਗਾਨਾ ਦੇ ਵਿੱਤ ਮੰਤਰੀਆਂ ਤੇ ਪ੍ਰਤੀਨਿਧਾਂ ਦੀ ਮੀਟਿੰਗ ਵਿਚ ਭਾਗ ਲੈਣ ਆਏ ਸਨ, ਨੇ ਕਿਹਾ ਕਿ ਰਾਜ ਦੀ ਇਸ ਪਹਿਲੂ ਤੇ ਸਹਿਮਤੀ ਹੈ ਕਿ ਰੇਟ ਤਰਕਸੰਗਕਤਾ ਦੇ ਨਾਲ-ਨਾਲ ਰਾਜਾਂ ਦੇ ਵਿੱਤੀ ਹਿੱਤਾਂ ਦੀ ਸੁਰੱਖਿਆ ਦੀ ਮਜ਼ਬੂਤ ਵਿਵਸਥਾ ਘੜੀ ਜਾਣੀ ਚਾਹੀਦੀ ਹੈ, ਜਿਸ ਤਹਿਤ ਲਗਜ਼ਰੀ ਵਸਤਾਂ ਤੇ ਸਮਰਥਕ ਟੈਕਸ (ਐਡੀਸ਼ਨਲ ਲੈਵੀ) ਲਗਾਉਣ ਅਤੇ ਘੱਟੋ ਘੱਟ ਪੰਜ ਸਾਲਾਂ ਲਈ ਮੁਆਵਜ਼ਾ ਯਕੀਨੀ ਬਣਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਜੇਕਰ ਪੰਜ ਸਾਲਾਂ ਬਾਅਦ ਵੀ ਸੂਬਿਆਂ ਦਾ ਆਮਦਨ ਘਾਟਾ ਪੂਰਾ ਨਹੀਂ ਹੁੰਦਾ ਤਾਂ ਇਸ ਵਿਵਸਥਾ ਨੂੰ ਹੋਰ ਵਧਾਉਣ ਦੀ ਵਿਵਸਥਾ ਹੋਵੇ। ਉਨ੍ਹਾਂ ਕਿਹਾ ਕਿ ਇਹ ਸੰਤੁਲਿਤ ਪਹੁੰਚ ਹੀ ਸੂਬਿਆਂ ਦੀ ਆਰਥਿਕ ਪ੍ਰਭੂਸੱਤਾ ਨੂੰ ਬਚਾ ਸਕਦੀ ਹੈ ਅਤੇ ਇਸ ਜ਼ਰੀਏ ਹੀ ਜੀ.ਐਸ.ਟੀ ਸੁਧਾਰਾਂ ਨੂੰ ਸਹੀ ਅਰਥਾਂ ਵਿਚ ਲਾਗੂ ਕੀਤਾ ਜਾ ਸਕੇਗਾ। ਵਿੱਤ ਮੰਤਰੀ ਨੇ ਕਿਹਾ ਕਿ 2017 ਵਿਚ ਜੀ.ਐਸ.ਟੀ ਨੂੰ ਵਿੱਤੀ ਨਿਰਪੱਖਤਾ ਦੇ ਸਿਧਾਂਤ ਨੂੰ ਪ੍ਰਮੁੱਖਤਾ ਦਿੰਦਿਆਂ ਲਾਗੂ ਕੀਤਾ ਗਿਆ ਸੀ ਪਰ ਇਸਦੇ ਲਾਗੂ ਹੋਣ ਤੋਂ ਬਾਅਦ ਰਾਜਾਂ ਨੂੰ ਵੱਡੇ ਵਿੱਤੀ ਨੁਕਸਾਨ ਝੱਲਣੇ ਪੈ ਰਹੇ ਹਨ। ਉਨਾਂ ਕਿਹਾ ਕਿਹਾ ਕਿ ਜੀ.ਐਸ.ਟੀ ਲਾਗੂ ਹੋਣ ਉਪਰੰਤ ਪੰਜਾਬ ਨੂੰ ਤਕਰੀਬਨ 1.11 ਲੱਖ ਕਰੋੜ ਦਾ ਵਿੱਤੀ ਨੁਕਸਾਨ ਹੋਇਆ ਹੈ ਭਾਵੇਂ ਕੇਂਦਰ ਵੱਲੋਂ ਮੁਆਵਜ਼ੇ ਲਈ ਤੈਅ ਸਾਲਾਂ ਦੌਰਾਨ 60 ਹਜਾਰ ਕਰੋੜ ਦਾ ਮੁਆਵਜ਼ਾ ਦਿੱਤਾ ਗਿਆ ਪੰਜਾਬ ਨੂੰ ਬਾਕੀ ਦੇ ਨੁਕਸਾਨ ਦੀ ਭਰਪਾਈ ਲਈ ਹਾਲੇ ਲਈ ਕੋਈ ਕਦਮ ਚੁੱਕੇ ਗਏ। ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਟਕੇਟ ਚੀਮਾ ਨੇ ਕਿਹਾ ਕਿ ਮੀਟਿੰਗ ਵਿਚ ਰਾਜਾਂ ਵੱਲੋਂ ਮੰਗ ਕੀਤੀ ਗਈ ਕਿ ਲਗਜ਼ਰੀ ਤੇ ਸਿਨ ਗੁਡਜ਼ ਤੇ ਵਾਧੂ ਟੈਕਸ ਲਗਾਇਆ ਜਾਵੇ ਤੇ ਇਸ ਤੋਂ ਆਉਣ ਵਾਲੀ ਆਮਦਨ ਰਾਜਾਂ ਨੂੰ ਮੁਹੱਈਆ ਕਰਵਾਈ ਜਾਵੇ ਤਾਂ ਜੋ ਕੀਮਤਾਂ ਦੀ ਤਰਕਸੰਗਕਤਾ ਨਾਲ ਹੋਣ ਵਾਲੀ ਆਮਦਨ ਦੀ ਕਮੀ ਦੇ ਖੱਪੇ ਨੂੰ ਭਰਿਆ ਜਾ ਸਕੇ। ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਬਿਨਾਂ ਆਮਦਨ ਸਥਿਰਤਾ ਤੋਂ ਰਾਜ ਲੋਕ ਭਲਾਈ ਦੀਆਂ ਆਪਣੀਆਂ ਸੰਵਿਧਾਨਕ ਜਿੰਮੇਵਾਰੀਆਂ ਕਿਵੇਂ ਨਿਭਾ ਸਕਦੇ ਹਨ। ਕੇਂਦਰ ਨੂੰ ਇਸ ਥਿਊਰੀ ਵੱਲ ਝੁਕਾਅ ਨਹੀਂ ਰੱਖਣਾ ਚਾਹੀਦਾ ਕਿ ਸਾਰਾ ਭਾਰ ਰਾਜਾਂ ਦੇ ਮੋਢਿਆਂ ਤੇ ਪਾ ਦਿੱਤਾ ਜਾਵੇ ਅਤੇ ਆਮਦਨ ਦੇ ਸਰੋਤ ਕੇਂਦਰੀ ਘੇਰੇ ਥਾਲੇ ਲਿਆਂਦੇ ਜਾਣ। ਜੇਕਰ ਸੂਬੇ ਵਿੱਤੀ ਪੱਖੋਂ ਮਜਬੂਤ ਹੋਣਗੇ ਦੇਸ਼ ਵੀ ਤਾਂ ਹੀ ਮਜਬੂਤ ਹੋਵੇਗਾ। ਇਸ ਲਈ ਰਾਜਾਂ ਦੇ ਆਮਦਨ ਹਿੱਤ ਜ਼ਰੂਰ ਸੁਰੱਖਿਅਤ ਰਹਿਣੇ ਚਾਹੀਦੇ ਹਨ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਮਜ਼ਬੂਤ ਵਿਵਸਥਾ ਉਸਾਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਇਹ ਰਾਜਾ ਇਸ ਮਸਲੇ ਤੇ ਅਸਲ ਵਿਚ ਹੋਰਨਾਂ ਸਾਰੇ ਰਾਜਾਂ ਦੀ ਆਵਾਜ਼ ਦੀ ਵੀ ਪ੍ਰਤੀਨਿਧਤਾ ਕਰਦੇ ਹਨ। ਸੂਬੇ ਵਿਚ ਹੜ੍ਹਾਂ ਦੀ ਸਥਿਤੀ ਬਾਰੇ ਇਕ ਸਵਾਲ ਦੇ ਜਵਾਬ ਵਿਚ ਉਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਕੁਦਰਤੀ ਸੰਕਟ ਸਮੇਂ ਸੂਬੇ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਮੱਦਦ ਲਈ ਪੰਜਾਬ ਸਰਕਾਰ ਪੂਰੇ ਸੁਹਿਰਦ ਯਤਨ ਕਰ ਰਹੀ ਹੈ ਅਤੇ ਪੂਰੀ ਤਰਾਂ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ। ਉਨਾਂ ਕਿਹਾ ਕਿ ਸੂਬੇ ਦੇ ਹੋਏ ਨੁਕਸਾਨ ਬਾਰੇ ਪਤਾ ਲਗਾਉਣ ਤੋਂ ਬਾਅਦ ਕੇਂਦਰ ਪਾਸੋਂ ਵਿਸ਼ੇਸ਼ ਪੈਕੇਜ਼ ਦੀ ਮੰਗ ਕੀਤੀ ਜਾਵੇਗੀ।

**ਜੀ.ਐਸ.ਟੀ ਰੇਟ ਤਰਕਸੰਗਤਾ ਦਾ ਲਾਭ ਦੇਸ਼ ਦੇ ਗਰੀਬ ਲੋਕਾਂ ਨੂੰ ਹੋਵੇ ਨਾ ਕਿ ਕਾਰਪੋਰੇਟ ਅਦਾਰਿਆਂ ਨੂੰ**

ਆਵਾਜ਼ਿ ਕੌਮ AWAZE QAUM International Newspaper & WEB TV

# ਮੈਨੇਜਰ ਇਕਬਾਲ ਸਿੰਘ ਦੀ ਸੇਵਾ ਮੁਕਤੀ ਤੇ ਦਿੱਤੀ ਵਿਦਾਇਗੀ ਪਾਰਟੀ



**ਮਹਿਤਾ ਚੌਕ,29 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦੀ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ ਅੰਮ੍ਰਿਤਸਰ ਦੀ ਬ੍ਰਾਂਚ ਰਈਆ ਵਿਖੇ ਸੀਨੀਅਰ ਮੈਨੇਜਰ ਦੀ ਸੇਵਾ ਨਿਭਾ ਰਹੇ ਇਕਬਾਲ ਸਿੰਘ ਦੇ ਸੇਵਾ ਮੁਕਤ ਹੋਣ ਤੇ ਵਿਦਾਇਗੀ ਦੇਣ ਮੌਕੇ ਰਈਆ ਦੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ ।ਇਸ ਮੌਕੇ ਵੱਖ ਵੱਖ ਬੁਲਾਰਿਆਂ ਵਲੋਂ ਉਨ੍ਹਾਂ ਦੀ ਕੀਤੇ ਕੰਮਾਂ ਦੀ ਅਤੇ ਮਿਲਾਪਣੇ ਸੁਭਾਵ ਦੀ ਸਰਾਹਨਾ ਕੀਤੀ ।ਇਸ ਮੌਕੇ ਮੈਨੇਜਰ ਇਕਬਾਲ ਸਿੰਘ ਨੂੰ ਬੈਂਕ ਅਧਿਕਾਰੀਆਂ ਅਤੇ ਕੋਆਪਰੇਟਿਵ ਸੋਸਾਇਟੀ ਦੇ ਸਕੱਤਰ ਸਾਹਿਬਾਨ ਵੱਲੋਂ ਯਾਦਗਾਰੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਮੈਨੇਜਰ ਕੇਵਲ ਸਿੰਘ, ਮੈਨੇਜਰ ਸਤਨਾਮ ਸਿੰਘ, ਰਿਕਵਰੀ ਮੈਨੇਜਰ ਢੋਟ, ਸੈਕਟਰੀ ਗੁਰਦਿਆਲ ਸਿੰਘ, ਸੈਕਟਰੀ ਨਵਤੇਜ ਸਿੰਘ, ਸੈਕਟਰੀ ਅਮਨਬੀਰ ਸਿੰਘ, ਸੈਕਟਰੀ ਜਗਤਾਰ ਸਿੰਘ, ਸੈਕਟਰੀ ਸਰਬਜੀਤ ਸਿੰਘ, ਸੈਕਟਰੀ ਤਜਿੰਦਰ ਸਿੰਘ, ਇੰਸਪੈਕਟਰ ਮਲਕੀਅਤ ਸਿੰਘ, ਮੈਨੇਜਰ ਬਿਕਰਮਜੀਤ ਸਿੰਘ ਮਾਰਕੀਟਿੰਗ ਸੋਸਾਇਟੀ ਰਈਆ,ਕੇਵਲ ਸਿੰਘ ਗੰਨਮੈਨ ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਰਿਆ ਮਹਿਲਾ ਕਾਲਜ ਬਰਨਾਲਾ ਵੱਲੋਂ ਮਨਾਇਆ ਗਿਆ ਨੈਸ਼ਨਲ ਸਪੋਰਟਸ ਦਿਵਸ

ਬਰਨਾਲਾ, 29 ਅਗਸਤ (ਆਵਾਜ਼ਿ ਕੌਮ ਬਿਊਰੋ)- ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰਿਆ ਮਹਿਲਾ ਕਾਲਜ ਬਰਨਾਲਾ ਦੇ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਜੀ ਨੇ ਦੱਸਿਆ ਕਿ ਅੱਜ ਮਿਤੀ 29 ਅਗਸਤ ਨੂੰ ਨੈਸ਼ਨਲ ਸਪੋਰਟਸ ਦਿਵਸ ਮਨਾਇਆ ਗਿਆ ਇਸ ਵਿੱਚ ਐਨ.ਐਸ.ਐਸ ਵਿਭਾਗ ਅਤੇ ਫਿਜੀਕਲ ਐਜੂਕੇਸ਼ਨ ਵਿਭਾਗ ਨੇ ਸਾਂਝੇ ਤੌਰ ਤੇ ਇਹ ਦਿਵਸ ਮਨਾਇਆ ਸਾਰਿਆਂ ਦਾ ਸਵਾਗਤ ਮੈਡਮ ਮਨਪ੍ਰੀਤ ਨੇ ਕੀਤਾ ਅਤੇ ਫਿਜੀਕਲ ਵਿਭਾਗ ਦੇ ਮੁਖੀ ਮੈਡਮ ਅਮਨ ਨੇ ਦੱਸਿਆ ਕਿ ਇਸ ਮੌਕੇ ਤੇ ਬੈਡਮਿੰਟਨ ਦੇ ਮੁਕਾਬਲੇ ਕਰਵਾਏ ਗਏ, ਜਿਹਦੇ ਵਿੱਚੋਂ ਚਾਰ ਟੀਮਾਂ ਨੂੰ ਚੁਣਿਆ ਗਿਆ। ਇਸ ਵੇਲੇ 50 ਤੋਂ ਵੱਧ ਵਲੰਟੀਅਰ ਨੇ ਭਾਗ ਲਿਆ। ਪ੍ਰੋਗਰਾਮ ਅਫਸਰ ਮੈਡਮ ਅਰਚਨਾ ਨੇ ਕਿਹਾ ਕਿ ਖਿਡਾਰੀਆਂ ਨੂੰ ਚੰਗੀ ਭਾਵਨਾ ਦੇ ਨਾਲ ਖੇਡਣਾ ਚਾਹੀਦਾ ਹੈ ਤਾਂ ਕਿ ਸਪੋਰਟਸਮੈਨਸ਼ਿਪ ਬਰਕਰਾਰ ਰਹੇ। ਇਸ ਮੌਕੇ ਤੇ ਨਸ਼ਿਆਂ ਵਿਰੁੱਧ ਵਿਦਿਆਰਥੀਆਂ ਨੂੰ ਸਹੁੰ ਵੀ ਚੁਕਾਈ ਗਈ ਅਤੇ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਪ੍ਰਿੰਸੀਪਲ ਮੈਡਮ ਸੁਸ਼ੀਲ ਬਾਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਜੀਵਨ ਦਾ ਅਣਖਣਵਾ ਅੰਗ ਹਨ ਇਸ ਨਾਲ ਹਰ ਇੱਕ ਖਿਡਾਰੀ ਮਾਨਸਿਕ ਅਤੇ ਸਰੀਰਕ ਤੌਰ ਤੇ ਤੰਦਰੁਸਤ ਰਹਿੰਦਾ ਹੈ। ਉਹਨਾਂ ਨੂੰ ਖੁਸ਼ੀ ਹੈ ਕਿ 50 ਤੋਂ ਵੱਧ ਵਿਦਿਆਰਥਨਾਂ ਨੇ ਇਸ ਖੇਡ ਦਿਵਸ ਦੇ ਵਿੱਚ ਹਿੱਸਾ ਲਿਆ । ਉਹਨਾਂ ਨੇ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਭਾਗ ਦੇ ਮੁਖੀ ਅਮਨਦੀਪ ਜੀ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਤੇ ਪ੍ਰੋਗਰਾਮ ਅਫਸਰ ਸ੍ਰੀਮਤੀ ਆਰਤੀ ਅਗਰਵਾਲ ਅਤੇ ਸ੍ਰੀਮਤੀ ਨੀਰੂ ਜੇਠੀ ਵੀ ਸ਼ਾਮਲ ਸਨ।

# ਮੇਜਰ ਧਿਆਨਚੰਦ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਮਨਾਇਆ

ਬਰਨਾਲਾ, 29 ਅਗਸਤ (ਆਵਾਜ਼ਿ ਕੌਮ ਬਿਊਰੋ)- ਸਾਰੀ ਦੁਨੀਆ ਵਿੱਚ ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਭਾਰਤੀ ਹਾਕੀ ਦੇ ਦਿੱਗਜ ਖਿਡਾਰੀ ਮੇਜਰ ਧਿਆਨਚੰਦ ਜੀ ਦਾ ਜਨਮਦਿਨ 29 ਅਗਸਤ ਹਰ ਸਾਲ ਜੋ ਕਿ ਰਾਸ਼ਟਰੀ ਖੇਡ ਦਿਵਸ ਦੇ ਨਾਮ ਨਾਲ ਮਨਾਇਆ ਜਾਂਦਾ ਹੈ ਮੇਰਾ ਯੁਵਾ ਭਾਰਤ (ਐਮ.ਵਾਈ. ਭਾਰਤ) ਜ਼ਿਲ੍ਹਾ ਬਰਨਾਲਾ ਵੱਲੋਂ ਜਿਲਾ ਯੂਥ ਅਫਸਰ ਮੈਡਮ ਆਭਾ ਸੋਨੀ ਦੀ ਪ੍ਰਧਾਨਗੀ ਹੇਠ ਗੁਰਦੇਵ ਫੁੱਟਬਾਲ ਅਕੈਡਮੀ ਧਨੌਲਾ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਖੇਡ ਸਮਾਰੋਹ ਦਾ ਮਨਾਇਆ ਗਿਆ। ਇਸ ਮੌਕੇ ਸਾਰੇ ਖਿਡਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਧਨੌਲਾ ਵਿਖੇ ਇਕੱਤਰ ਹੋਏ। ਇਸ ਸਮਾਰੋਹ ਦਾ ਮੁੱਖ ਉਦੇਸ਼ ਯੁਵਕਾਂ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ, ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਮੇਜਰ ਧਿਆਨ ਚੰਦ ਦੀ ਯਾਦ ਨੂੰ ਤਾਜ਼ਾ ਕਰਨਾ ਸੀ। ਇਸ ਦਿਨ ਨੂੰ ਰਾਸ਼ਟਰੀ ਖੇਡ ਦਿਵਸ ਦੇ ਤੌਰ ਤੇ ਸਾਰੇ ਦੇਸ਼ ਵਿੱਚ ਮਨਾਇਆ ਜਾਂਦਾ ਹੈ ਅਤੇ ਸਾਰਿਆਂ ਨੇ ਮੇਜਰ ਧਿਆਨਚੰਦ ਜੀ ਨੂੰ ਸ਼ਰਧਾਂਜਲੀ ਦੇ ਫੁੱਲ ਅਰਪਣ ਕੀਤੇ। ਇਸ ਮੌਕੇ ਓਹਨਾ ਦੀ ਯਾਦ ਵਿਚ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਅਤੇ ਗੁਰਦੇਵ ਫੁੱਟਬਾਲ ਅਕੈਡਮੀ ਦੀ ਟੀਮ ਨੇ ਮੇਜਰ ਧਿਆਨ ਚੰਦ ਟਰਾਫੀ ਜੀਤੀ। ਕੋਚ ਕ੍ਰਿਪਾਲ ਗਿੱਲ ਅਤੇ ਕੋਚ ਗੁਰਮੇਲ ਨੀਟੂ ਨੇ ਖਿਡਾਰੀਆਂ ਨੂ ਮੇਜਰ ਧਿਆਨਚੰਦ ਜੀ ਦੀਆਂ ਮਹਾਨ ਉਪਲੱਬਧੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਗੁਰਦੇਵ ਫੁੱਟਬਾਲ ਅਕੈਡਮੀ ਦੀ ਸਾਰੀ ਮੈਨੇਜ਼ਮੈਂਟ ਅਤੇ ਸਾਰੇ ਸੀਨੀਅਰ ਖਿਡਾਰੀ ਵੀ ਹਾਜਰ ਰਹੇ।

# 31 ਅਗਸਤ ਤੋਂ ਬਾਅਦ ਪ੍ਰਾਪਰਟੀ ਟੈਕਸ ਡਿਫਾਲਟਰਾਂ ਖ਼ਿਲਾਫ਼ ਹੋਵੇਗੀ ਸਖਤ ਕਾਰਵਾਈ: ਜਯੋਤੀ ਬਾਲਾ ਮੱਟੂ

## ਸ਼ਨੀਵਾਰ ਅਤੇ ਐਤਵਾਰ ਨੂੰ ਵੀ 10 ਤੋਂ 3 ਵਜੇ ਤੱਕ ਖੁੱਲ੍ਹੇ ਰਹਿਣਗੇ ਸਪੈਸ਼ਲ ਕਾਊਂਟਰ

ਹੁਸ਼ਿਆਰਪੁਰ, 29 ਅਗਸਤ (ਆਵਾਜ਼ਿ ਕੌਮ ਬਿਊਰੋ)- ਕਮਿਸ਼ਨਰ ਨਗਰ ਨਿਗਮ ਜਯੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਸਰਕਾਰ ਵਿਭਾਗ ,ਪੰਜਾਬ ਦੀ ਓ.ਟੀ.ਐਸ (ਵਨ ਟਾਈਮ ਸੈਟਲਮੈਂਟ) ਸਕੀਮ ਤਹਿਤ ਲੋਕਾਂ ਨੂੰ ਪ੍ਰਾਪਰਟੀ ਟੈਕਸ ਜਮ੍ਹਾ ਨਾ ਕਰਵਾਉਣ 'ਤੇ ਲੱਗੇ ਜ਼ੁਰਮਾਨੇ ਅਤੇ ਵਿਆਜ 'ਤੇ 100 ਫੀਸਦੀ ਛੋਟ ਦਿੱਤੀ ਗਈ ਹੈ, ਜਿਸ ਤਹਿਤ 31 ਅਗਸਤ 2025 ਤੱਕ ਇਸ ਸਕੀਮ ਨੂੰ ਲਾਗੂ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਸਕੀਮ ਨੂੰ ਖ਼ਤਮ ਹੋਣ ਵਿਚ ਸਿਰਫ 2 ਦਿਨ ਬਾਕੀ ਰਹਿ ਗਏ ਹਨ। ਉਨ੍ਹਾਂ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਆਪਣਾ ਬਣਦਾ ਪ੍ਰਾਪਰਟੀ ਟੈਕਸ ਇਕਮੁਸ਼ਤ ਜਮ੍ਹਾ ਕਰਵਾ ਕੇ 100 ਫੀਸਦੀ ਜ਼ੁਰਮਾਨੇ ਅਤੇ ਵਿਆਜ਼ ਤੋਂ ਛੋਟ ਪ੍ਰਾਪਤ ਕਰਕੇ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਆਮ ਪਬਲਿਕ ਦੀ ਸਹੂਲਤ ਲਈ ਮਿਤੀ 30 ਅਤੇ 31 ਅਗਸਤ (ਸ਼ਨੀਵਾਰ ਅਤੇ ਐਤਵਾਰ) ਨੂੰ ਵੀ ਸਪੈਸ਼ਲ ਕਾਊਂਟਰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਖੁੱਲ੍ਹੇ ਰਹਿਣਗੇ। ਇਸ ਲਈ ਸ਼ਹਿਰਵਾਸੀ ਇਸ ਸਹੂਲਤ ਦਾ ਲਾਭ ਵੱਧ ਤੋਂ ਵੱਧ ਲੈਂਦੇ ਹੋਏ ਆਪਣਾ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ 31 ਅਗਸਤ 2025 ਉਪਰੰਤ ਪ੍ਰਾਪਰਟੀ ਟੈਕਸ ਡਿਫਾਲਟਰਾਂ 'ਤੇ ਕੀਤੀ ਜਾਣ ਵਾਲੀ ਸਖ਼ਤ ਕਾਰਵਾਈ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਪ੍ਰਾਪਰਟੀ ਟੈਕਸ ਡਿਫਾਲਟਰ, ਜਿਨ੍ਹਾਂ ਵੱਲ ਪਿਛਲੇ ਕਈ ਸਾਲਾਂ ਤੋਂ ਪ੍ਰਾਪਰਟੀ ਟੈਕਸ ਦਾ ਬਕਾਇਆ ਪੈਡਿੰਗ ਹੈ, ਜੇਕਰ ਇਸ ਸਕੀਮ ਤਹਿਤ ਆਪਣਾ ਪ੍ਰਾਪਰਟੀ ਟੈਕਸ ਨਹੀ ਜਮ੍ਹਾ ਕਰਵਾਉਂਦੇ, ਤਾਂ ਨਗਰ ਨਿਗਮ ਵੱਲੋਂ ਇਨ੍ਹਾਂ ਖਿਲਾਫ਼ 31 ਅਗਸਤ 2025 ਉਪਰੰਤ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਦਮਦਮੀ ਟਕਸਾਲ ਵੱਲੋਂ

# ਬਰਾਤ ਰੂਪੀ ਨਗਰ ਕੀਰਤਨ ਦਾ ਨਿੱਘਾ ਸਵਾਗਤ




**ਚੌਂਕ ਮਹਿਤਾ, 29 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ 538ਵੇਂ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਰਾਤ ਰੂਪੀ ਨਗਰ ਕੀਰਤਨ ਦੇ ਕਸਬਾ ਚੌਂਕ ਮਹਿਤਾ ਵਿਖੇ ਪਹੁੰਚਣ ਤੇ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿੱਚ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਜਥੇਦਾਰ ਬਾਬਾ ਬੋਹੜ ਸਿੰਘ, ਪ੍ਰੋ. ਜੋਬਨਜੀਤ ਸਿੰਘ ਅਤੇ ਜਥੇ ਦੇ ਸਿੰਘਾਂ ਵੱਲੋਂ ਸੁੰਦਰ ਪਾਲਕੀ ਸਾਹਿਬ ਵਿਚ ਸ਼ੁਸ਼ੋਬਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਈ ਰੁਮਾਲਾ ਸਾਹਿਬ ਭੇਟ ਕੀਤਾ ਗਿਆ, ਇਸੇ ਤਰਾਂ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਗਏ। ਇਸ ਦੌਰਾਨ ਨਗਰ ਕੀਰਤਨ ਦੇ ਨਾਲ ਪਹੁੰਚੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਗੁਰਵਿੰਦਰਪਾਲ ਸਿੰਘ ਗੋਰਾ ਅਤੇ ਹੋਰ ਪ੍ਰਬੰਧਕਾਂ ਨੂੰ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਸਤਾਦ ਮੇਜਰ ਸਿੰਘ, ਪਰਕਾਸ਼ ਸਿੰਘ, ਨਿਰਮਲ ਸਿੰਘ ਸਰਪੰਚ ਕਸ਼ਮੀਰ ਸਿੰਘ ਕਾਲਾ ਤੇ ਹੋਰ ਸੰਗਤਾਂ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਦਾ ਤਖ਼ਤ ਪਟਨਾ ਸਾਹਿਬ ਵਿੱਚ ਸਨਮਾਨ



**ਨਵੀਂ ਦਿੱਲੀ, 29 ਅਗਸਤ (ਮਨਪ੍ਰੀਤ ਸਿੰਘ ਖਾਲਸਾ)**-ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਸ਼੍ਰੀ ਕੇਸ਼ਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਦਾ ਤਖ਼ਤ ਪਟਨਾ ਸਾਹਿਬ ਵਿੱਚ ਸਨਮਾਨ ਕੀਤਾ ਗਿਆ। ਤਖ਼ਤ ਪਟਨਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਅਤੇ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਵੱਲੋਂ ਉਨ੍ਹਾਂ ਨੂੰ ਸਿਰੋਪਾ ਭੇਟ ਕਰਕੇ ਸਨਮਾਨਤ ਕੀਤਾ ਗਿਆ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ, ਉਪ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਮੀਡੀਆ ਪ੍ਰਭਾਰੀ ਸੁਦੀਪ ਸਿੰਘ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗਜ ਨੂੰ ਕਿਰਪਾਨ ਅਤੇ ਯਾਦਗਾਰੀ ਚਿਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸ. ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਜਥੇਦਾਰ ਦੇ ਪਦ 'ਤੇ ਰਹਿੰਦਿਆਂ ਜੋ ਕੌਮ ਨੂੰ ਇਕਜੁੱਟ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ, ਉਹ ਦੀ ਲੋੜ ਸੀ ਅਤੇ ਇਸ ਦੀ ਜਿਤਨੀ ਵੀ ਸਿਫਤ ਕੀਤੀ ਜਾਵੇ ਘੱਟ ਹੈ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਪੰਜਾਬ ਦੇ ਪਿੰਡਾਂ ਵਿੱਚ ਜਾ ਕੇ ਜਿਸ ਤਰ੍ਹਾਂ ਸਿੱਖੀ ਤੋਂ ਦੂਰ ਹੋ ਰਹੇ ਨੌਜਵਾਨ ਪੀੜ੍ਹੀ ਨੂੰ ਵਾਪਸ ਸਿੱਖੀ ਨਾਲ ਜੋੜਨ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਦਾ ਨੌਜਵਾਨੀ ਉੱਤੇ ਚੰਗਾ ਪ੍ਰਭਾਵ ਪੈ ਰਿਹਾ ਹੈ ਅਤੇ ਕਈ ਨੌਜਵਾਨ ਦੁਬਾਰਾ ਸਿੱਖੀ ਵਲ ਮੁੜ ਰਹੇ ਹਨ। ਉਨ੍ਹਾਂ ਦੱਸਿਆ ਕਿ ਜਥੇਦਾਰ ਕੁਲਦੀਪ ਸਿੰਘ ਗੜਗਜ ਆਪਣੇ ਪਰਿਵਾਰ ਸਮੇਤ ਤਖ਼ਤ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਪੰਜਾਬ ਦੇ ਲੋਕੋ ! ਇਹ ਕੁਦਰਤੀ ਨਹੀਂ

# ਸਰਕਾਰ ਵੱਲੋਂ ਲਿਆਂਦੇ ਗਏ ਨੇ ਹੜ੍ਹ

ਪਿਛਲੇ ਦੋ ਸਾਲ ਪਹਿਲਾਂ ਸੰਨ 2023 ਵਿੱਚ ਵੀ ਪੰਜਾਬ ਦੇ ਲੋਕਾਂ ਨੇ ਹੜ੍ਹਾਂ ਦੀ ਮਾਰ ਝੱਲੀ ਸੀ ਤੇ ਹੁਣ ਵੀ ਅਗਸਤ 2025 ਵਿੱਚ ਫਿਰ ਓਹੀ ਸੰਤਾਪ ਭੋਗ ਰਹੇ ਹਨ। ਓਦੋਂ ਵੀ ਪੰਜਾਬ ਵਿੱਚ ਇਹ ਚਰਚਾ ਜ਼ੋਰਾਂ ਉੱਤੇ ਸੀ ਕਿ ਪੰਜਾਬ ਵਿੱਚ ਇਹ ਹੜ੍ਹ ਕੁਦਰਤੀ ਨਹੀਂ ਆਏ, ਬਲਕਿ ਸਰਕਾਰ ਵੱਲੋਂ ਲਿਆਂਦੇ ਗਏ ਹਨ ਤਾਂ ਜੋ ਸਿੱਖਾਂ, ਪੰਜਾਬੀਆਂ ਅਤੇ ਪੰਜਾਬ ਨੂੰ ਖ਼ਤਮ ਕੀਤਾ ਜਾ ਸਕੇ, ਖੇਤੀਬਾੜੀ ਦੇ ਧੰਦੇ ਨੂੰ ਤਬਾਹ ਕੀਤਾ ਜਾਵੇ, ਇਹਨਾਂ ਨੂੰ ਆਰਥਿਕ ਅਤੇ ਸਭ ਪਾਸਿਓਂ ਵੱਡੀ ਸੱਟ ਮਾਰੀ ਜਾਵੇ, ਸਬਕ ਸਿਖਾ ਕੇ , ਈਨ ਮੰਨਵਾ ਕੇ ਆਪਣੇ ਅਨੁਸਾਰ ਚਲਾਇਆ ਜਾਵੇ। ਇਹ ਗੱਲ ਹਰ ਸਿੱਖ ਅਤੇ ਪੰਜਾਬੀ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਇਹ ਕੁਦਰਤੀ ਨਹੀਂ, ਬਲਕਿ ਸਰਕਾਰੀ ਕਹਿਰ ਹੈ। ਜਦੋਂ ਮੌਸਮੀ ਵਿਭਾਗ ਰਾਹੀਂ ਸਰਕਾਰ ਨੂੰ ਪਹਿਲਾਂ ਹੀ ਪਤਾ ਸੀ ਕਿ ਇਸ ਵਾਰ ਜ਼ਿਆਦਾ ਮੀਂਹ ਪੈਣੇ ਹਨ ਤਾਂ ਡੈਮਾਂ ਦਾ ਕੰਟਰੋਲ ਪਹਿਲਾਂ ਹੀ ਸਹੀ ਕਿਉਂ ਨਹੀਂ ਰੱਖਿਆ ਗਿਆ। ਇਕਦਮ ਪਾਣੀ ਛੱਡਣ ਦੀ ਬਜਾਏ ਜੇਕਰ ਪਹਿਲਾਂ ਹੀ ਹੌਲੀ ਹੌਲੀ ਕੱਢਿਆ ਜਾਂਦਾ ਤਾਂ ਆਹ ਦਿਨ ਨਹੀਂ ਸੀ ਵੇਖਣੇ ਪੈਣੇ! ਕੀ ਸਰਕਾਰ ਵੀ ਡੈਮ ਭਰਨ ਦਾ ਇੰਤਜ਼ਾਰ ਅਤੇ ਇੰਤਜ਼ਾਮ ਕਰਦੀ ਰਹੀ ਹੈ ? ਅੱਜ ਜਦੋਂ ਪਾਣੀ ਨਾਲ ਪੰਜਾਬ ਦੇ ਕਈ ਇਲਾਕੇ ਡੁੱਬੇ ਹੋਏ ਹਨ ਤਾਂ ਇਸ ਸਮੇਂ ਨਾ ਤਾਂ ਸੂਬਾ ਸਰਕਾਰ ਤੇ ਨਾ ਹੀ ਕੇਂਦਰ ਸਰਕਾਰ ਸਾਰ ਲੈ ਰਹੀ ਹੈ। ਝਾੜੂ ਪਾਰਟੀ ਅਤੇ ਭਾਜਪਾ ਨੂੰ ਪੰਜਾਬ ਦੀ ਕੋਈ ਫ਼ਿਕਰ ਨਹੀਂ। ਇੱਥੇ ਤਾਂ ਦਰਿਆਵਾਂ ਦੇ ਬੰਨ੍ਹ ਵੀ ਪੱਕੇ ਨਹੀਂ ਕੀਤੇ ਗਏ। ਹੁਣ ਜਦੋਂ ਬੰਨ੍ਹ ਟੁੱਟੇ ਹਨ ਤਾਂ ਪੰਜਾਬ ਦੇ ਲੋਕ ਖੁਦ ਹੀ ਡਟੇ ਹੋਏ ਹਨ। ਪੁਲਿਸ ਅਤੇ ਫੌਜ ਦਾ ਕੋਈ ਨਾਮੋ-ਨਿਸ਼ਾਨ ਨਹੀਂ, ਸਭ ਘੂਕ ਸੁੱਤੇ ਪਏ ਹਨ। ਦੂਜੇ ਪਾਸੇ ਸਿੱਖ ਸੰਸਥਾਵਾਂ ਖ਼ਾਲਸਾ ਏਡ, ਸ਼੍ਰੋਮਣੀ ਕਮੇਟੀ, ਬਾਬਾ ਸੁੱਖਾ ਸਿੰਘ ਸਰਹਾਲੀ ਵਾਲੇ, ਕਾਰ ਸੇਵਾ ਵਾਲੇ ਮਹਾਂਪੁਰਸ਼, ਬਾਬਾ ਦੀਪ ਸਿੰਘ ਸੇਵਾ ਦਲ ਗੜ੍ਹਦੀਵਾਲ, ਅਕਾਲੀ ਦਲ ਵਾਰਿਸ ਪੰਜਾਬ ਦੇ ਤੇ ਹੋਰ ਆਪਣਾ ਫ਼ਰਜ਼ ਬਾਖ਼ੂਬੀ ਨਿਭਾ ਰਹੇ ਹਨ। ਕੁਝ ਦਿਨ ਪਹਿਲਾਂ ਫ਼ਿਰਕੂ ਹਿੰਦੂਤਵੀਆਂ ਵੱਲੋਂ ਏ.ਆਈ. ਰਾਹੀਂ ਇੱਕ ਵੀਡੀਓ ਤਿਆਰ ਕੀਤੀ ਗਈ ਸੀ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰ ਇਮਾਰਤ ਨੂੰ ਪਾਣੀ ਦੀ ਤਬਾਹੀ ਵਿੱਚ ਢਹਿ-ਢੇਰੀ ਅਤੇ ਸਿੱਖਾਂ ਨੂੰ ਡੁੱਬਦੇ ਵਿਖਾਇਆ ਗਿਆ ਸੀ। ਅਸੀਂ ਉਦੋਂ ਹੀ ਸਮਝ ਗਏ ਸੀ ਕਿ ਹੁਣ ਸਰਕਾਰ ਵੱਲੋਂ ਸਿੱਖਾਂ ਨੂੰ ਪਾਣੀ ਵਿੱਚ ਡੋਬਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸਰਕਾਰ ਗੋਲੀਆਂ ਮਾਰ ਕੇ ਹੀ ਬੰਦੇ ਨਹੀਂ ਮਾਰਦੀ, ਸਗੋਂ ਗੈਰ ਕੁਦਰਤੀ ਹੜ੍ਹ ਲਿਆ ਕੇ ਵੀ ਪੰਥ ਅਤੇ ਪੰਜਾਬ ਦੀ ਨਸਲਕੁਸ਼ੀ ਕਰ ਦਿੰਦੀ ਹੈ। ਸੰਨ 2023 ਵਿੱਚ ਵੀ ਪੰਜਾਬੀਆਂ ਨੂੰ ਪੂਰਾ ਯਕੀਨ ਸੀ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦਾ ਕੋਈ ਦਖਲ ਨਹੀਂ ਰਹਿਣ ਦਿੱਤਾ ਗਿਆ ਤੇ ਹੁਣ ਇਸ ਦੇ ਮੈਂਬਰਾਂ ਰਾਹੀਂ ਦਿੱਲੀ ਦਰਬਾਰ ਮਨਮਰਜ਼ੀ ਦੇ ਫੈਸਲੇ ਲਾਗੂ ਕਰਵਾ ਰਿਹਾ ਹੈ। ਲੋਕਾਂ ਨੂੰ ਜਾਪਦਾ ਹੈ ਕਿ ਇਸ ਬੋਰਡ ਦੇ ਸਾਰੇ ਮੈਂਬਰ ਬੇਸ਼ੱਕ ਜ਼ਿੰਮੇਵਾਰ ਹੋਣ ਪਰ ਇਹਨਾਂ ਨੂੰ ਜਦ ਉੱਪਰੋਂ ਹੁਕਮ ਆਉਂਦੇ ਨੇ ਤਾਂ ਇਹ ਗਲਤ ਫੈਸਲੇ ਦਾ ਵਿਰੋਧ ਕਰਨ ਜੋਗੇ ਨਹੀਂ। ਚੇਤੇ ਰਹੇ ਕਿ 1988 ਵਿੱਚ ਦਸ ਫੁੱਟ ਉੱਚੀ ਦਰਿਆਈ ਪਾਣੀ ਦੀ ਕੰਧ ਨੇ ਪੰਜਾਬ ਵਿੱਚ ਤਬਾਹੀ ਲਿਆਂਦੀ ਸੀ। 1988 ਦੇ 25 ਸਤੰਬਰ ਤੋਂ 28 ਸਤੰਬਰ ਤਕ ਭਾਖੜੇ ਤੋਂ ਬਿਨਾਂ ਚੇਤਾਵਨੀ ਇਕਦਮ ਪਾਣੀ ਛੱਡਣ ਕਰਕੇ ਪੰਜਾਬ ਦੇ 9000 ਪਿੰਡ ਹੜ੍ਹ ਵਿੱਚ ਘਿਰ ਗਏ ਤੇ ਪਾਣੀ ਸਭ ਕੁਝ ਰੋੜ੍ਹ ਕੇ ਲੈ ਗਿਆ। ਇਹਨਾਂ ਵਿੱਚੋਂ 2500 ਪਿੰਡ ਤਾਂ ਪੂਰੀ ਤਰਾਂ ਡੁੱਬ ਗਏ ਜਾਂ ਵਹਿ ਗਏ। ਇਸ ਪਰਲੋ ਨੇ 34 ਲੱਖ ਲੋਕ ਬਰਬਾਦ ਕਰ ਦਿੱਤੇ। ਆਮ ਚਰਚਾ ਸੀ ਕਿ ਮਾਝੇ ਦੇ ਮੰਡ ਇਲਾਕੇ ਵਿੱਚ ਜੁਝਾਰੂ ਸਿੰਘਾਂ ਦੀਆਂ ਠਾਹਰਾਂ ਖਤਮ ਕਰਨ ਲਈ ਹੜ੍ਹ ਲਿਆਂਦੇ ਗਏ ਹਨ। ਜੁਝਾਰੂ ਸਿੰਘਾਂ ਨੇ ਜਦ ਇਸ ਜ਼ੁਲਮ ਲਈ ਦੋਸ਼ੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮੇਜਰ ਜਨਰਲ ਬੀ.ਐੱਨ. ਤਿਵਾੜੀ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤਾਂ ਲੋਕਾਂ ਨੇ ਇਸ ਨੂੰ ਇਨਸਾਫ਼ ਮੰਨਿਆ ਹੁਣ ਵੀ ਇਹੀ ਸਮਝਿਆ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਭਾਖੜੇ ਦੇ ਪਾਣੀ ਨੂੰ ਇੱਕ ਹਥਿਆਰ ਵਾਂਗ ਵਰਤ ਰਹੀ ਹੈ ਤੇ ਜਦ ਚਾਹੇ ਪੰਜਾਬ ਨੂੰ ਬਰਬਾਦ ਕਰ ਸਕਦੀ ਹੈ। ਹੜ੍ਹ ਲਿਆ ਕੇ ਪੰਜਾਬ ਵਿੱਚ ਜੋ ਹਫੜਾ-ਦਫੜੀ ਫੈਲਾਈ






ਗਈ ਹੈ ਇਸ ਬਾਰੇ ਪੰਜਾਬ ਵਿੱਚ ਇਹੀ ਮੰਨਿਆ ਜਾ ਰਿਹਾ ਹੈ ਕਿ ਕਿਸਾਨ ਸੰਘਰਸ਼ ਦਾ ਬਦਲਾ ਲਿਆ ਜਾ ਰਿਹਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਦਰਿਆਈ ਪਾਣੀਆਂ ਲਈ ਲੜਦੇ ਪੰਜਾਬ ਨੂੰ ਸਬਕ ਦਿੱਤਾ ਜਾ ਰਿਹਾ ਹੈ। ਜਦ ਪੰਜਾਬ ਦੇ ਲੋਕ ਬਿਪਤਾ ਵਿੱਚ ਫਸੇ ਹੋਏ ਸਨ ਤਾਂ ਹਿੰਦੂਤਵੀ ਮਾਨਸਿਕਤਾ ਅਰਦਾਸਾਂ ਕਰ ਰਹੀ ਸੀ ਕਿ 'ਹੇ ਭਗਵਾਨ ਇਨਕੀ ਫਸਲੇ ਔਰ ਨਸਲੇ ਤਬਾਹ ਕਰ ਦੇ।' 1988 ਵਿੱਚ ਵੀ ਹਰਿਆਣੇ ਦੇ ਆਗੂ ਭਜਨ ਲਾਲ ਨੇ ਹੜ੍ਹ ਨੂੰ 'ਰੱਬੀ ਰਹਿਮਤ' ਕਹਿ ਕੇ ਪੰਜਾਬੀਆਂ ਦੇ ਜਖਮਾਂ ਉੱਤੇ ਲੂਣ ਭੁੱਕਿਆ ਸੀ ਤੇ ਹੁਣ ਵੀ ਸੋਸ਼ਲ ਮੀਡੀਆ ਉੱਤੇ ਹਿੰਦੂਆਂ ਵੱਲੋਂ ਮਿਹਣੇ ਮਾਰੇ ਜਾ ਰਹੇ ਸੀ ਕਿ ਪੰਜਾਬ ਦੇ ਲੋਕ ਕਹਿੰਦੇ ਨੇ ਕਿ ਸਤਲਜ ਯਮੁਨਾ ਲਿੰਕ ਨਹਿਰ ਨਹੀਂ ਬਣਨ ਦੇਣੀ, ਹਰਿਆਣੇ ਤੇ ਰਾਜਸਥਾਨ ਨੂੰ ਪਾਣੀ ਨਹੀਂ ਦੇਣਾ, ਹੁਣ ਲਿਫਾਫਿਆਂ ਤੇ ਡੋਲੂਆਂ ਵਿੱਚ ਪਾਣੀ ਭਰ ਕੇ ਰੱਖ ਲਵੋ, ਜਦ ਰਾਜਸਥਾਨ ਦੀਆਂ ਨਹਿਰਾਂ ਸੁੱਕੀਆਂ ਸਨ ਤਾਂ ਪੰਜਾਬ ਵਿੱਚ ਹੜ੍ਹਾਂ ਕਰਕੇ ਲੋਕ ਕਲਪੇ ਪਏ ਸਨ ਪਰ ਰਾਜਸਥਾਨ ਨੇ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ। 1988 ਵਾਂਗ ਹੁਣ ਹੜ੍ਹਾਂ ਨਾਲ ਲੜ ਰਹੇ ਪੰਜਾਬ ਦੇ ਲੋਕਾਂ ਦੀ ਕੋਈ ਖਬਰ ਨੈਸ਼ਨਲ ਮੀਡੀਆ ਨੇ ਚੱਜ ਹਾਲ ਨਾਲ ਨਹੀਂ ਦੇ ਰਿਹਾ, ਜਦਕਿ ਭਾਰਤ ਦੇ ਕਿਸੇ ਹੋਰ ਸੂਬੇ ਵਿੱਚ ਕੋਈ ਹਿੰਦੂ ਬੱਚਾ ਬੋਰਵੇਲ ਵਿੱਚ ਡਿੱਗ ਪਵੇ ਤਾਂ ਇਹ ਮੀਡੀਆ ਪਲ-ਪਲ ਖਬਰ ਦਿੰਦਾ ਹੈ। ਪੰਜਾਬ ਤੋਂ ਬਾਹਰ ਕਿਸੇ ਵਿਰਲੇ ਨੂੰ ਪਤਾ ਹੋਵੇਗਾ ਕਿ ਹੜ੍ਹਾਂ ਕਰਕੇ ਪੰਜਾਬ ਵਿੱਚ ਲੋਕ ਕਿਨਾ ਸੰਤਾਪ ਭੋਗ ਰਹੇ ਹਨ। ਜਦ ਭਾਰਤੀ ਮੀਡੀਆ ਵਿੱਚ ਹੜ੍ਹਾਂ ਦੀ ਚਰਚਾ ਹੀ ਨਹੀਂ ਤਾਂ ਸਰਕਾਰ ਨੇ ਪੰਜਾਬ ਨੂੰ ਦੇਣਾ ਕੀ ਹੈ। 1988 ਵਿੱਚ ਵੀ ਤੇ ਹੁਣ ਵੀ ਕੇਂਦਰ ਸਰਕਾਰ ਨੇ ਪੰਜਾਬ ਦੀ ਕੋਈ ਸਾਰ ਨਹੀਂ ਲਈ। ਬਿਆਨਬਾਜ਼ੀ, ਸ਼ੋਸ਼ਬਾਜ਼ੀ ਤੇ ਡਰਾਮੇਬਾਜ਼ੀ ਜ਼ਰੂਰ ਕਰਦੇ ਹਨ ਪਰ ਪੰਜਾਬ ਦੀ ਬਾਂਹ ਨਹੀਂ ਫੜਦੇ। ਪੰਜਾਬ ਦੇ ਹੜ੍ਹਾਂ ਦੀ ਖਬਰ ਨਾ ਦੇਣੀ ਤੇ ਆਰਥਿਕ ਸਹਾਇਤਾ ਨਾ ਦੇਣੀ ਤੇ ਇਸ ਸਭ ਕੁਝ ਬਾਰੇ ਪੰਜਾਬ ਸਰਕਾਰ ਦੀ ਨਾਕਾਰਤਮਕ ਤੇ ਨਿਰਾਸ਼ਾਜਨਕ ਰਵੱਈਆ ਸਪਸ਼ੱਟ ਕਰਦਾ ਹੈ ਕਿ ਪੰਜਾਬ ਨੂੰ ਮਲੀਆਮੇਟ ਕਰਨ ਦੀ ਸਾਜ਼ਿਸ਼ ਡੂੰਘੀ ਹੈ। ਹੁਣ ਵੀ ਕੇਂਦਰ ਨੇ ਹੜ੍ਹ ਪ੍ਰਭਾਵਿਤ ਛੇ ਰਾਜਾਂ ਨੂੰ 1066 ਕਰੋੜ ਰੁਪਏ ਜਾਰੀ ਕਰਨ ਨੂੰ ਪ੍ਰਵਾਨਗੀ ਦਿੱਤੀ, ਪਰ ਪੰਜਾਬ ਲਈ ਕਿਸੇ ਆਰਥਿਕ ਪੈਕੇਜ ਦਾ ਐਲਾਨ ਕਰਨਾ ਤਾਂ ਇੱਕ ਪਾਸੇ ਕਿਸੇ ਦੁੱਖ ਦਾ ਪ੍ਰਗਟਾਵਾ ਵੀ ਕੇਂਦਰ ਨੇ ਅਜੇ ਤਕ ਨਹੀਂ ਕੀਤਾ। ਕੇਂਦਰ ਸਰਕਾਰ ਨੇ ਐਸ ਡੀ ਆਰ ਐਫ ਅਧੀਨ ਕੇਂਦਰੀ ਹਿੱਸੇ ਦੇ ਹਿੱਸੇ ਵਜੋਂ ਅਸਾਮ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਕੇਰਲ ਅਤੇ ਉੱਤਰਾਖੰਡ ਦੇ ਹੜ੍ਹ ਅਤੇ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਰਾਜਾਂ ਲਈ 1,066.80 ਕਰੋੜ ਰੁਪਏ ਪਿਛਲੇ ਮਹੀਨੇ ਮਨਜ਼ੂਰ ਕੀਤੇ ਸਨ ਜੇਹੜੇ ਬੀਤੇ ਦਿਨੀਂ ਰਲੀਜ ਕਰ ਦਿੱਤੇ ਗਏ। ਪਰ ਪੰਜਾਬ ਲਈ ਕਿਸੇ ਆਰਥਿਕ ਪੈਕੇਜ ਦਾ ਐਲਾਨ ਕਰਨਾ ਤਾਂ ਇੱਕ ਪਾਸੇ ਕਿਸੇ ਦੁੱਖ ਦਾ ਪ੍ਰਗਟਾਵਾ ਵੀ ਕੇਂਦਰ ਨੇ ਅਜੇ ਤਕ ਨਹੀਂ ਕੀਤਾ। ਕੀ ਆਸ ਰੱਖੋਗੇ ਕੇਂਦਰ ਸਰਕਾਰ ਕੋਲੋ ਪਰ ਕੇਂਦਰ ਵੀ ਪੰਜਾਬੀਆਂ ਕੋਲੋ ਭਲੇ ਦੀ ਆਸ ਨਾ ਰੱਖੇ। ਲੁਧਿਆਣੇ ਤੋਂ ਰਵਨੀਤ ਬਿੱਟੂ ਵੀ ਅਜੇ ਤੱਕ ਨਹੀਂ ਬੋਲਿਆ ਉਹ ਤਾਂ ਡੁੱਬਦੀਆਂ ਫ਼ਸਲਾਂ ਵੇਖ ਕੇ ਨੱਚਦਾ ਹੋਣਾ । ਜਿਹੜਾ ਕਹਿੰਦਾ ਸੀ " ਮੈਨੂੰ ਕਿਸਾਨਾਂ ਨੇ ਹਰਾਇਆ÷ ਸਾਨੂੰ ਯਾਦ ਹੈ ਕਿ ਸੰਨ 2023 ਵਿੱਚ ਹੜ੍ਹਾਂ ਦੌਰਾਨ ਜਦ ਹਿੰਦੂ ਮਾਨਸਿਕਤਾ ਸਿੱਖਾਂ ਨੂੰ ਚਿੜਾ ਰਹੀ ਸੀ ਤਾਂ ਪਾਕਿਸਤਾਨ ਨੇ ਆਪਣੇ ਵਾਲੇ ਪਾਸੇ ਹੜ੍ਹ ਦੇ ਪਾਣੀ ਦਾ ਲਾਂਘਾ ਖੋਲ੍ਹ ਕੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਸੀ। ਜਦ ਪੰਜਾਬ ਦੇ ਲੋਕ ਪਾਕਿਸਤਾਨ ਦੇ ਗੁਣ ਗਾ ਰਹੇ ਸੀ ਤਾਂ ਹਿੰਦੂ ਮਾਨਸਿਕਤਾ ਪੂਰੀ ਤਰ੍ਹਾਂ ਸੜ-ਬਲ ਕੇ ਹੋਰ ਵੱਧ ਤਾਹਨੇ-ਮਿਹਣੇ ਮਾਰ ਰਹੀ ਸੀ। ਇਸ ਮਹੌਲ ਵਿੱਚ ਪੰਜਾਬ ਦੇ ਲੋਕਾਂ ਨੇ ਆਪਸ ਵਿੱਚ ਦੁੱਖ-ਸੁੱਖ ਵੰਡਾਉਣਾ ਸ਼ੁਰੂ ਕੀਤਾ। ਅੱਜ ਪਾਕਿਸਤਾਨ ਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਿਵਾਜ ਨੇ ਕਿਹਾ ਹੈ ਕਿ "ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚੋਂ ਪਾਣੀ ਕੱਢਿਆ ਜਾਵੇ, ਤਾਂ ਕਿ ਸਿੱਖ ਭਾਈਚਾਰੇ ਨੂੰ ਆਸਾਨੀ ਹੋ ਸਕੇ, ਕਿਉਂਕਿ ਇਹ ਉਨ੍ਹਾਂ ਦਾ ਮੁਕੱਦਸ ਸਥਾਨ ਹੈ।" ਪੰਜਾਬ ਵਿੱਚ ਹਰ ਪਿੰਡ ਵਿੱਚੋਂ ਗੁਰੂ ਕੇ ਲੰਗਰ, ਦਵਾਈਆਂ ਤੇ ਪਸ਼ੂਆਂ ਲਈ ਚਾਰੇ ਸਮੇਤ ਹੋਰ ਲੋੜੀਂਦੀਆਂ ਚੀਜਾਂ ਵਸਤਾਂ ਦੀਆਂ ਟਰਾਲੀਆਂ ਨਿਕਲ ਤੁਰੀਆਂ। ਹਾਲ ਇਹ ਬਣ ਗਿਆ ਕਿ ਜਦ ਕਿਸੇ ਪਿੰਡ ਟਰਾਲੀ ਪਹੁੰਚਦੀ ਤਾਂ ਪਿੰਡ ਵਾਲ਼ੇ ਹੱਸ ਕੇ ਕਹਿੰਦੇ ਕਿ ਹੜ੍ਹ ਨੇ ਤਾਂ ਇੱਥੇ ਵੀ ਨੁਕਸਾਨ ਕੀਤਾ ਪਰ ਸਾਡੇ ਪਿੰਡੋਂ ਤਾਂ ਆਪ ਟਰਾਲੀ ਭਰ ਕੇ ਇਸ ਤੋਂ ਅਗਲੇ ਪਿੰਡਾਂ ਨੂੰ ਭੇਜੀ ਹੈ ਕਿਉਂਕਿ ਸਾਡੇ ਨਾਲੋਂ ਉਹਨਾਂ ਦਾ ਹਾਲ ਜ਼ਿਆਦਾ ਮਾੜਾ ਹੈ। ਇੱਥੇ ਇੱਕ ਗੱਲ ਚੇਤੇ ਆ ਗਈ ਕਿ ਤਾਲਿਬਾਨ ਦੇ ਕਾਬਲ ਉੱਤੇ ਕਬਜਾ ਕਰਨ ਤੋਂ ਬਾਅਦ ਪੈਦਾ ਹੋਈ ਹਫੜਾ-ਦਫੜੀ ਵਿੱਚ ਕਾਬਲ ਦੇ ਇੱਕ ਬੇਕਰੀ ਵਾਲੇ ਨੇ ਇਹ ਕਹਿ ਕੇ ਮੁਫ਼ਤ ਬਰੈੱਡ ਵੰਡਣੀ ਸ਼ੁਰੂ ਕਰ ਦਿੱਤੀ ਕਿ ਜੇ ਕਿਸੇ ਕੋਲ ਪੈਸੇ ਨਹੀਂ ਹਨ ਤਾਂ ਉਹ ਮੁਫ਼ਤਬਰੈੱਡ ਲਿਜਾ ਸਕਦਾ ਹੈ। ਉਸ ਦਾ ਕਹਿਣਾ ਸੀ ਕਿ ਭਾਵੇਂ ਅਸੀਂ ਅਫ਼ਗਾਨੀ ਬਹੁਤ ਅਮੀਰ ਨਹੀਂ ਹਾਂ ਪਰ ਸਾਡਾ ਦਿਲ ਬੜਾ ਅਮੀਰ ਹੈ। ਆਲੇ ਦੁਆਲੇ ਦੇ ਕੁਝ ਲੋਕਾਂ ਨੇ ਉਸ ਨੂੰ ਉਤਸ਼ਾਹਿਤ ਕੀਤਾ ਕਿ ਤੁਸੀਂ ਪੈਸਿਆਂ ਦੀ ਪ੍ਰਵਾਹ ਨਾ ਕਰੋ, ਇਸ ਕੰਮ ਲਈ ਪੈਸੇ ਅਸੀਂ ਦਿਆਂਗੇ। ਉਸ ਦਿਨ ਤੋਂ ਬੇਕਰੀ ਵਾਲਾ 24 ਘੰਟੇ ਕਾਬਲ ਦੇ ਲੋੜਵੰਦ ਲੋਕਾਂ ਨੂੰ ਬਰੈੱਡ ਮੁਫ਼ਤ ਵੰਡਦਾ ਰਿਹਾ ਸੀ। ਇਹ ਗੁਰੂ ਨਾਨਕ ਸਾਹਿਬ ਦੀ ਵੰਡ ਛਕਣ ਦੀ ਅਸਲੀ ਮਿਸਾਲ ਹੈ। ਪੰਜਾਬ ਵਿੱਚ ਹੜ੍ਹਾਂ ਦੌਰਾਨ ਇਹੀ ਕੁਝ ਵਾਪਰਿਆ। ਹਿੰਦੂਤਵੀ ਮਾਨਸਿਕਤਾ ਨੂੰ ਬੜਾ ਰੋਹ ਹੈ ਕਿ ਅਸੀਂ ਇਹਨਾਂ ਦੀ ਖ਼ਬਰ ਪੰਜਾਬ ਤੋਂ ਬਾਹਰ ਨਹੀਂ ਆਉਣ ਦਿੱਤੀ, ਹਕੂਮਤ ਨੇ ਬਾਂਹ ਨਹੀਂ ਫੜੀ, ਪਰ ਇਹਨਾਂ ਨੇ ਆਪਸ ਵਿੱਚ ਹੀ ਇੱਕ ਦੂਜੇ ਦਾ ਸਾਥ ਸਹਿਯੋਗ ਕੀਤਾ ਤੇ ਪਾਕਿਸਤਾਨ ਨੇ ਇਹਨਾਂ ਲਈ ਹਾਅ ਦਾ ਨਾਹਰਾ ਮਾਰਿਆ ਹੈ, ਹਾਲਾਂਕਿ ਇਸ ਵਾਰ ਅਗਸਤ 2025 ਵਿੱਚ ਹੜ੍ਹਾਂ ਕਰਕੇ ਪਾਕਿਸਤਾਨ ਵਿੱਚ ਵੀ ਬਹੁਤ ਜਾਨੀ ਮਾਲੀ ਨੁਕਸਾਨ ਹੋਇਆ ਹੈ। ਪਰ ਇਸ ਮਹੌਲ ਵਿੱਚ ਸਿੱਖ ਮਾਨਸਿਕਤਾ ਸੋਚਦੀ ਹੈ ਕਿ ਸਾਨੂੰ ਭਾਰਤ ਦੀ ਤੇ ਹਿੰਦੂ ਦੀ ਲੋੜ ਹੀ ਨਹੀਂ। ਜੇ ਖਾਲਿਸਤਾਨ ਵੀ ਬਣ ਜਾਵੇ ਤਾਂ ਅਸੀਂ ਸਮਰੱਥ ਹਾਂ। ਅਸੀਂ ਆਪਣੇ ਬਚਾਅ ਆਪ ਕਰ ਸਕਦੇ ਹਾਂ। ਅਸੀਂ ਭਾਰਤ ਦੇ ਮੁਥਾਜ ਨਹੀਂ। ਹੜ੍ਹਾਂ ਕਰਕੇ ਸਿੱਖ ਚੇਤਨਾ ਤੇ ਹਿੰਦੂਤਵੀ ਚੇਤਨਾ ਵਿਚਲਾ ਫਰਕ, ਦੂਰੀ ਤੇ ਨਫ਼ਰਤ ਹੋਰ ਵਧੇਗੀ। ਹਿੰਦੂਤਵੀ ਸੱਭਿਅਤਾ ਅਤੇ ਸਿੱਖ ਸੱਭਿਅਤਾ ਦੀ ਤਕਰਾਰ ਦਿਨੋਂ-ਦਿਨ ਤਲਖ਼ ਹੋ ਕੇ ਟਕਰਾਅ ਵਿੱਚ ਬਦਲ ਰਹੀ ਹੈ। ਹਿੰਦੂਤਵੀਆਂ ਦੇ ਕਮੀਨੇ ਤੇ ਹੋਛੇ ਹੱਥ-ਕੰਡੇ ਵੇਖ ਕੇ ਸਿੱਖਾਂ ਨੂੰ ਰੋਹ ਆਉਂਦਾ ਹੈ ਕਿ ਸਾਨੂੰ ਤਾਂ ਦੁਸ਼ਮਣ ਵੀ ਨਖਿੱਧ ਮਿਲਿਆ ਹੈ। ਸ਼ੇਰ ਨਾਲ ਲੜਨਾ ਸੌਖਾ ਹੈ ਤੇ ਜੇ ਸ਼ੇਰ ਕੋਲੋਂ ਹਾਰ ਵੀ ਜਾਈਏ ਤਾਂ ਫ਼ਖ਼ਰ ਰਹਿੰਦਾ ਹੈ ਕਿ ਹਾਰੇ ਵੀ ਸ਼ੇਰ ਕੋਲੋਂ ਹਾਂ। ਪਰ ਸੂਰ ਨਾਲ ਲੜਨਾ ਹਮੇਸ਼ਾਂ ਹੀ ਭੈੜੀ ਗੱਲ ਹੁੰਦਾ ਹੈ ਕਿਉਂਕਿ ਸੂਰ ਨਾਲ ਲੜ ਕੇ ਜਿੱਤਣ ਮਗਰੋਂ ਵੀ ਗੰਦ ਨਾਲ ਕੱਪੜੇ ਲਿਬੜ ਜਾਂਦੇ ਨੇ। ਜਦ ਕੋਈ ਸ਼ੇਰ ਨਾਲ ਲੜ ਕੇ ਹਾਰਨ ਦੀ ਗੱਲ ਚੇਤੇ ਕਰੇ ਤਾਂ ਓਸ ਦ੍ਰਿਸ਼ ਨੂੰ ਅੱਖਾਂ ਸਾਮ੍ਹਣੇ ਲਿਆ ਕੇ ਹਰ ਕੋਈ ਅਨੰਦ ਮਾਣਦਾ ਹੈ ਪਰ ਸੂਰ ਨਾਲ ਲੜਾਈ ਮਗਰੋਂ ਜਿੱਤਣ ਦੀ ਗੱਲ ਚੇਤੇ ਕਰਨ ਤੇ ਗੰਦ ਨਾਲ ਲਿਬੜਿਆ ਬੰਦਾ ਚੇਤੇ ਕਰਕੇ ਅਲਖ਼ਤ ਆਉਂਦੀ ਹੈ। ਕਹਿੰਦੇ ਨੇ ਕਿ ਰਾਮ ਮੰਦਰ ਤੇ ਹੋਰ ਬਹੁਤ ਸਾਰੇ ਮੁੱਦੇ ਮੁੱਕਣ ਮਗਰੋਂ ਹਿੰਦੂਤਵੀਆਂ ਨੇ ਜਿਹੜੇ ਨਵੇਂ ਮਸਲੇ ਉਭਾਰੇ ਹਨ ਉਹਨਾਂ ਵਿੱਚ ਇੱਕ ਇਹ ਵੀ ਹੈ ਕਿ ਪੁਰਾਤਨ ਹਿੰਦੂ ਗ੍ਰੰਥਾਂ ਵਿੱਚ ਜਿਸ ਸਰਸਵਤੀ ਨਦੀ ਦਾ ਜਿਕਰ ਆਉਂਦਾ ਹੈ ਉਹ ਮੁੜ ਸੁਰਜੀਤ ਕਰਨੀ ਹੈ ਤੇ ਹਿਮਾਚਲ ਤੋਂ ਚੰਡੀਗੜ੍ਹ ਪੰਚਕੂਲੇ ਦੇ ਨੇੜੇ ਤੇੜੇ ਦੀ ਘੱਗਰ ਦਰਿਆ ਵੱਲ ਦੀ ਇੱਕ ਨਵੀਂ ਨਦੀ ਪੁੱਟਣੀ ਹੈ ਤਾਂ ਕਿ ਹਿੰਦੂਤਵੀਆਂ ਨੂੰ ਭਰਮਾਇਆ ਜਾ ਸਕੇ ਕਿ ਵੇਖੋ ਮੋਦੀ ਸਰਕਾਰ ਕਿੰਨੀ ਮਹਾਨ ਹੈ। ਕਹਿੰਦੇ ਨੇ ਕਿ ਪੰਜਾਬ ਵਿੱਚ ਹੜ੍ਹ ਲਿਆਉਣ ਪਿੱਛੇ ਇਹੀ ਸੋਚ ਹੈ ਕਿ ਪੰਜਾਬ ਦੇ ਲੋਕਾਂ ਮਾਨਸਿਕ ਤੌਰ 'ਤੇ ਤਿਆਰ ਕੀਤਾ ਜਾ ਸਕੇ ਕਿ ਹੜ੍ਹ ਰੋਕਣ ਲਈ ਭਾਖੜੇ ਤੋਂ ਪਾਣੀ ਨੂੰ ਕਿਸੇ ਨਵੀਂ ਨਦੀ ਵਿੱਚ ਪਾ ਦਿੱਤਾ ਜਾਵੇ। 'ਸਰਸਵਤੀ' ਸ਼ਬਦ ਨਾਲ ਹਿੰਦੂ ਮਾਨਸਿਕਤਾ ਦਾ ਜਜ਼ਬਾਤੀ ਰਿਸ਼ਤਾ ਹੈ। ਸੁਭਾਵਿਕ ਹੈ ਕਿ ਜਦ ਸਰਸਵਤੀ ਨਦੀ ਪ੍ਰਗਟ ਕਰਨ ਦੀ ਚਰਚਾ ਹੋਵੇਗੀ ਤਾਂ ਆਮ ਹਿੰਦੂਆਂ ਨੂੰ ਮੋਦੀ ਸਰਕਾਰ ਵਧੀਆ ਲੱਗੇਗੀ। ਪੰਜਾਬ ਵਿੱਚ ਹੜ੍ਹਾਂ ਦਾ ਖਦਸ਼ਾ ਸਦਾ ਹੀ ਰਹੇਗਾ ਤੇ ਜਦ ਵੀ ਹਕੂਮਤ ਚਾਹੇਗੀ ਇਸ ਹਥਿਆਰ ਨੂੰ ਵਰਤੇਗੀ। ਪਰ ਪੰਜਾਬ ਦੇ ਲੋਕ ਕਹਿੰਦੇ ਨੇ ਕਿ ਵਧੀਆ ਨਾਲੇ ਦੁਸ਼ਮਣ ਦੀ ਫਿਤਰਤ ਪਤਾ ਲੱਗਦੀ ਰਹਿੰਦੀ ਹੈ, ਨਾਲੇ ਹਰ ਪਲ ਜੰਗੀ ਮਹੌਲ ਵਿੱਚ ਤਿਆਰੀ ਚੱਲਦੀ ਰਹਿੰਦੀ ਹੈ ਤੇ ਲੜਨ-ਭਿੜਨ ਤੇ ਸੰਘਰਸ਼ ਵਾਲੀ ਮਾਨਸਿਕਤਾ ਬੁਲੰਦ ਹੋਈ ਰਹਿੰਦੀ ਹੈ। ਗੁਰੂ ਪਾਤਸ਼ਾਹ ਜੀ ਅੱਗੇ ਅਰਦਾਸ ਹੈ ਕਿ ਇਨਾ ਮੁਸੀਬਤਾਂ ਦਾ ਸਾਹਮਣਾ ਕਰਦਾ ਹੋਇਆ ਵੀ ਖ਼ਾਲਸਾ ਪੰਥ ਅਤੇ ਦੇਸ ਪੰਜਾਬ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹੇ। ਹਿੰਦ ਹਕੂਮਤ ਸੋਚਦੀ ਹੋਵੇਗੀ ਕਿ ਸਿੱਖ ਡਿੱਗ ਪੈਣਗੇ ਤੇ ਸਾਡੇ ਮੁਥਾਜ ਬਣ ਜਾਣਗੇ ਪਰ ਖ਼ਾਲਸਾ ਕਿਸੇ ਦੀ ਅਧੀਨਗੀ ਨਹੀਂ ਕਬੂਲਦਾ ਸਗੋਂ ਇਹਨਾਂ ਹੜ੍ਹਾਂ ਅਤੇ ਆਫਤਾਂ ਵਿੱਚ ਵੀ ਖ਼ਾਲਸਾ ਡਟ ਕੇ ਖੜ੍ਹਾ ਹੈ ਤੇ ਸਰਬੱਤ ਦੇ ਭਲੇ ਦਾ ਹੋਕਾ ਦੇ ਰਿਹਾ ਹੈ।



**- ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)ਮੋ : 88722-93883**

ਆਵਾਜ਼ਿ ਕੌਮ AWAZE QAUM International Newspaper & WEB TV